Space for Available for Advertising

WWW.PREETNEWS.COM
WWW.PREETNAMA.COM

preetnamausa@gmail.com

ਨਿਊਜ਼ਪਾਰਕ

ਪ੍ਰੀਤਨਾਮਾ

ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ

ਖਰਾ ਸੱਚ

Online and Print Media +1 201-312-4180 +1 917-328-8436

ਇਸ ਦੁਨੀਆ ਵਿਚ ਜੇਕਰ ਕਿਸੇ ਦਾ ਵਿਸ਼ਵਾਸ ਕਰਨਾ ਹੈ ਤਾਂ ਆਪਣੇ ਮਾਂ ਬਾਪ ਦਾ ਕਰੋ, ਜੋ ਤੁਹਾਨੂੰ ਕਦੇ ਵੀ ਧੋਖਾ ਨਹੀਂ ਦਿੰਦੇ

ਪ੍ਰਿਤਪਾਲ ਕੌਰ ਪ੍ਰੀਤ
Preetnamausa@gmail.com

ਸਾਲ 4, ਅੰਕ 375 16 ਅਕਤੂਬਰ ਤੋਂ 22 ਅਕਤੂਬਰ, 2026 ਵੈਬਸਾਈਟ : www.preetnama.com, www.preetnews.com ਈਮੇਲ preetnamausa@gmail.com

ਪਰਵਿੰਦਰ ਸਿੰਘ ਝੋਟਾ ਕਤਲ ਮਾਮਲਾ: ਪੰਜਾਬ ਬੰਦ, ਇਨਸਾਫ਼ ਲਈ ਪਰਿਵਾਰ ਦਾ ਪੱਕਾ ਧਰਨਾ ਜਾਰੀ

ਸੀਬੀਆਈ ਜਾਂਚ ਅਤੇ ਮੁੱਖ ਮੰਤਰੀ ਤੇ ਡੀਜੀਪੀ ਦੇ ਅਸਤੀਫ਼ੇ ਦੀ ਮੰਗ 'ਤੇ ਅੜਿਆ ਪਰਿਵਾਰ; ਜਾਣੋ ਕਤਲ ਤੋਂ ਲੈ ਕੇ ਹੁਣ ਤੱਕ ਕੀ-ਕੀ ਹੋਇਆ ਅਤੇ ਪ੍ਰਦਰਸ਼ਨਕਾਰੀਆਂ ਦੀਆਂ ਮੁੱਖ ਮੰਗਾਂ ਕੀ ਹਨ

ਪਰਵਿੰਦਰ ਸਿੰਘ ਝੋਟਾ ਕਤਲ ਕੇਸ ਦੇ ਸਬੰਧ ਵਿੱਚ ਅੱਜ ਵੱਖ-ਵੱਖ ਜਥੇਬੰਦੀਆਂ ਵੱਲੋਂ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ। ਬੰਦ ਦੇ ਇਸ ਸੱਦੇ ਨੂੰ ਕੁਝ ਸਿਆਸੀ ਆਗੂਆਂ ਵੱਲੋਂ ਵੀ ਸਮਰਥਨ ਮਿਲਿਆ ਹੈ। ਬੀਤੇ ਮੰਗਲਵਾਰ ਨੂੰ ਮਾਨਸਾ ਦੇ ਬਜ਼ਾਰ ਵਿੱਚ ਸ਼ਰੇਆਮ ਗੋਲੀਆਂ ਚਲਾ ਕੇ ਪਰਵਿੰਦਰ ਸਿੰਘ ਝੋਟਾ ਦਾ ਕਤਲ ਕਰ ਦਿੱਤਾ ਗਿਆ ਸੀ ਜਦਕਿ ਚਾਰ ਹੋਰ ਲੋਕ ਜ਼ਖਮੀ ਹੋ ਗਏ ਸਨ। ਕਤਲ ਦਾ ਇਲਜ਼ਾਮ ਮਾਨਸਾ ਦੇ ਹੀ ਇੱਕ ਮੈਡੀਕਲ ਸਟੋਰ ਦੇ ਮਾਲਿਕ 'ਤੇ ਲੱਗਿਆ ਹੈ।

ਪੰਜਾਬ ਦੇ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪੰਜਾਬ ਬੰਦ ਬਾਰੇ ਸਮਰਥਨ ਦਿੰਦਿਆਂ ਆਪਣੇ ਐਕਸ ਹੈਂਡਲ 'ਤੇ ਲਿਖਿਆ, ÷ਨਸ਼ਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਪਰਵਿੰਦਰ ਸਿੰਘ ਝੋਟੇ ਦਾ ਕਤਲ ਬੇਹੱਦ ਦੁਖਦਾਈ ਘਟਨਾ ਹੈ। ਭਾਰਤੀ ਜਨਤਾ ਪਾਰਟੀ ਇਨਸਾਫ਼ ਦਿਵਾਉਣ ਲਈ ਪਰਿਵਾਰ ਦੇ ਨਾਲ ਖੜ੍ਹੀ ਹੈ ਅਤੇ ਪਰਿਵਾਰ ਵੱਲੋਂ 15 ਅਕਤੂਬਰ ਨੂੰ ਪੰਜਾਬ ਬੰਦ ਦੇ ਦਿੱਤੇ ਸੱਦੇ ਦਾ ਪੂਰਾ ਸਮਰਥਨ ਕਰਦੀ ਹੈ। ਨਾਲ ਹੀ ਉਨ੍ਹਾਂ ਇਹ ਵੀ ਲਿਖਿਆ ਕਿ 'ਆਪ' ਸਰਕਾਰ ਨਸ਼ਿਆਂ ਵਿਰੁੱਧ ਆਵਾਜ਼ ਉਠਾਉਣ ਵਾਲਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਅਤੇ ਪੰਜਾਬ ਵਿੱਚ ਕਾਨੂੰਨ-ਵਿਵਸਥਾ ਬਹਾਲ ਰੱਖਣ 'ਚ ਨਾਕਮਯਾਬ ਰਹੀ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਪਰਗਟ ਸਿੰਘ ਨੇ ਚਿੱਠੀ ਲਿੱਖ ਕੇ ਸਮੂਹ ਜ਼ਿਲ੍ਹਾ ਕਾਂਗਰਸ ਕਮੇਟੀਆਂ ਨੂੰ 15 ਅਕਤੂਬਰ 2026, ਵੀਰਵਾਰ ਨੂੰ ਬੰਦ ਦੇ ਸੱਦੇ ਨੂੰ ਪੂਰਨ ਸਮਰਥਨ ਦੇਣ ਦੀ ਅਪੀਲ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਵੀ ਬੰਦ ਦੇ ਸਮਰਥਨ ਦਾ ਐਲਾਨ ਕੀਤਾ ਹੈ।

ਮਾਮਲੇ ਵਿੱਚ ਹੁਣ ਤੱਕ ਹੋਰ ਕੀ ਕੁਝ ਹੋਇਆ ?

ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਅਤੇ ਸਮਰਥਕ ਮਾਨਸਾ ਵਿੱਚ ਧਰਨੇ 'ਤੇ ਬੈਠ ਗਏ ਹਨ ਅਤੇ ਮੰਗਾਂ ਨਾ ਮੰਨੇ ਜਾਣ ਤੱਕ

ਧਰਨਾ ਲਾਈ ਰੱਖਣ ਦਾ ਐਲਾਨ ਕੀਤਾ ਹੈ ਮਾਨਸਾ ਦੇ ਸਿਵਲ ਹਸਪਤਾਲ ਵਿੱਚ ਅਤੇ ਤਿੰਨਕੋਣੀ ਚੌਂਕ, ਦੋ ਥਾਂਵਾਂ 'ਤੇ ਧਰਨਾ ਲੱਗਿਆ ਹੋਇਆ ਹੈ। ਪਰਵਿੰਦਰ ਸਿੰਘ ਝੋਟਾ ਦੀ ਮ੍ਰਿਤਕ ਦੇਹ ਮਾਨਸਾ ਦੇ ਸਿਵਲ ਹਸਪਤਾਲ ਦੇ ਮੁਰਦਾ ਘਰ ਵਿੱਚ ਰੱਖੀ ਗਈ ਹੈ। ਐਮਰਜੈਂਸੀ ਸੇਵਾਵਾਂ ਨੂੰ ਛੱਡ ਕੇ 15 ਅਕਤੂਬਰ ਨੂੰ ਪੰਜਾਬ ਬੰਦ ਦਾ ਸੱਦਾ ਵੀ ਦਿੱਤਾ ਗਿਆ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਸਮੇਤ ਕਈ ਜਥੇਬੰਦੀਆਂ ਨੇ ਇਸ ਬੰਦ ਨੂੰ ਸਮਰਥਨ ਦੇਣ ਦਾ ਐਲਾਨ ਕੀਤਾ ਹੈ। ਇਸ ਮਾਮਲੇ ਵਿੱਚ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਬੀਤੇ ਦਿਨੀਂ, ਗੁੱਸੇ ਵਿੱਚ ਆਏ ਲੋਕਾਂ ਨੇ ਮੁਲਜ਼ਮ ਅਸ਼ਵਨੀ ਕੁਮਾਰ ਦੇ ਮੈਡੀਕਲ ਸਟੋਰ ਨੂੰ ਅੱਗ ਲਗਾ ਦਿੱਤੀ। ਇਸ ਤੋਂ ਇਲਾਵਾ, ਪ੍ਰਸ਼ਾਸਨ ਵੱਲੋਂ ਗੈਰ-ਕਾਨੂੰਨੀ ਉਸਾਰੀ ਦੇ ਆਧਾਰ 'ਤੇ ਮੁਲਜ਼ਮ ਦੇ ਘਰ 'ਤੇ ਬੋਲਡੋਜ਼ਰ ਕਾਰਵਾਈ ਵੀ ਕੀਤੀ ਗਈ। ਮ੍ਰਿਤਕ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੇ ਘਟਨਾ ਤੋਂ ਬਾਅਦ ਰੋਸ ਜ਼ਾਹਿਰ ਕਰਦਿਆਂ 'ਅਸਫਲ' ਪੰਜਾਬ ਸਰਕਾਰ ਦੀ ਬਰਖ਼ਾਸਤਗੀ ਦੀ ਮੰਗ ਕੀਤੀ ਹੈ ਅਤੇ ਮੰਗਾਂ ਨਾ ਮੰਨੇ ਜਾਣ ਤੱਕ ਸਸਕਾਰ ਤੋਂ ਇਨਕਾਰ ਕੀਤਾ ਹੈ।

ਕਿਵੇਂ ਹੋਇਆ ਪਰਵਿੰਦਰ ਸਿੰਘ ਝੋਟਾ ਦਾ ਕਤਲ ?

ਮੰਗਲਵਾਰ ਨੂੰ ਘਟਨਾ ਦੀ ਵੀਡੀਓ ਵੀ ਸਾਹਮਣੇ ਆਈ ਜਿਸ ਵਿੱਚ ਪਰਵਿੰਦਰ ਸਿੰਘ ਝੋਟਾ ਅਤੇ ਇੱਕ ਮੈਡੀਕਲ ਸਟੋਰ ਦੇ ਮਾਲਿਕ ਦੀ ਮੈਡੀਕਲ ਸਟੋਰ ਅੰਦਰ ਨਸ਼ਾ ਵੇਚਣ ਦੇ ਇਲਜ਼ਾਮ ਬਾਰੇ ਬਹਿਸ ਹੋ ਰਹੀ ਹੈ।

ਵੀਡੀਓ ਵਿੱਚ ਪਰਵਿੰਦਰ ਸਿੰਘ ਝੋਟਾ ਮੈਡੀਕਲ ਸਟੋਰ ਦੇ ਮਾਲਿਕ ਅਸ਼ਵਨੀ ਨਾਮ ਦੇ ਵਿਅਕਤੀ ਖਿਲਾਫ਼ ਪੁਲਿਸ ਨੂੰ ਫੋਨ ਕਰਨ ਦੀ ਗੱਲ ਕਹਿ ਰਹੇ ਹਨ।

ਵੀਡੀਓ ਵਿੱਚ ਅਸ਼ਵਨੀ ਕੋਲ ਪਿਸਤੌਲ ਹੋਣ ਦੀ ਗੱਲ ਵੀ ਕਹੀ ਜਾ ਰਹੀ ਹੈ ਜਿਸ ਵਿੱਚ ਝੋਟਾ, ਦੁਕਾਨ ਮਾਲਿਕ ਨੂੰ ਪਿਸਤੌਲ ਨਾਲ ਫਾਇਰ ਕਰਨ ਲਈ ਲਲਕਾਰਦੇ ਵੀ ਸੁਣਾਈ ਦੇ ਰਹੇ ਹਨ।

ਕੁਝ ਸਮੇਂ ਬਾਅਦ ਫਾਇਰ ਹੁੰਦਾ ਹੈ ਜੋ ਕਿ ਪਰਮਿੰਦਰ ਸਿੰਘ ਝੋਟਾ ਨੂੰ ਲੱਗਦਾ ਹੈ। ਉਹ ਮੈਡੀਕਲ ਸਟੋਰ ਤੋਂ ਬਾਹਰ ਹੋ ਕੇ ਕਿਸੇ ਹੋਰ ਦੁਕਾਨ ਵਿੱਚ ਲੁਕਣ ਲਈ ਜਾਂਦੇ ਹਨ। ਇੱਕ ਹੋਰ ਵੀਡੀਓ ਵਿਚ ਦਿਖਾਈ ਦਿੰਦਾ ਹੈ ਕਿ ਅਸ਼ਵਨੀ ਨਾਮ ਦਾ ਵਿਅਕਤੀ ਹੱਥ ਵਿੱਚ ਪਿਸਤੌਲ ਲੈ ਕੇ ਬਜ਼ਾਰ ਵਿੱਚ ਪਿੱਛੇ ਜਾਂਦਾ ਹੈ। ਇੱਕ ਹੋਰ ਫਾਇਰ ਹੋਣ ਦੀ ਅਵਾਜ਼ ਇਸ ਵੀਡੀਓ ਵਿਚ ਸੁਣਾਈ ਦਿੰਦੀ ਹੈ ਅਤੇ ਫਿਰ ਉਹ ਸ਼ਖਸ ਪਿਸਤੌਲ ਲੈ ਕੇ ਵਾਪਸ ਸਟੋਰ ਵੱਲ ਮੁੜ ਜਾਂਦਾ ਹੈ।

ਜਾਣਕਾਰੀ ਮੁਤਾਬਕ, ਜ਼ਖਮੀ ਹਾਲਤ ਵਿਚ ਪਰਮਿੰਦਰ ਸਿੰਘ ਝੋਟਾ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿਚ ਲਿਆਂਦਾ ਗਿਆ। ਜਿੱਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਦੱਸ ਦੇਈਏ ਕਿ ਪਰਵਿੰਦਰ ਸਿੰਘ ਝੋਟਾ ਦੱਖਣੀ ਪੰਜਾਬ ਦੇ ਸ਼ਹਿਰ ਮਾਨਸਾ ਦਾ ਰਹਿਣ ਵਾਲੇ ਸਨ। ਉਹ ਫ਼ਰੀ ਸਟਾਈਲ ਕਬੱਡੀ ਖਿਡਾਰੀ ਵੀ ਰਹੇ। ਉਹ 'ਐਂਟੀ ਡਰੱਗ ਟਾਸਕ ਫੋਰਸ' ਬਣਾਉਣ ਨਾਲ ਕੁਝ ਸਾਲ ਪਹਿਲਾਂ ਚਰਚਾ ਵਿਚ ਆਏ ਸਨ, ਜਦੋਂ ਆਪਣਾ ਸੰਗਠਨ ਬਣਾ ਕੇ ਕਥਿਤ ਨਸ਼ਾ ਵੇਚਣ ਵਾਲਿਆਂ ਨੂੰ ਪੁਲਿਸ ਹਵਾਲੇ ਕਰਨਾ ਸ਼ੁਰੂ ਕੀਤਾ ਸੀ। ਉਨ੍ਹਾਂ ਦੇ ਖ਼ ਲਾਫ਼ ਕਈ ਮਾਮਲੇ ਵੀ ਦਰਜ ਕੀਤੇ ਗਏ ਸਨ ਤੇ ਸਜ਼ਾ ਵੀ ਦਿੱਤੀ ਜਾ ਚੁੱਕੀ ਹੈ। ਪਰ ਨਾਲ ਹੀ ਕਈ ਮਾਮਲਿਆਂ ਵਿਚ ਉਸ ਨੂੰ ਬਰੀ ਵੀ ਕੀਤਾ ਗਿਆ ਸੀ।

ਪਰਿਵਾਰ ਦੀਆਂ ਕੀ ਹਨ ਮੰਗਾਂ ?

- ਕਤਲ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪੀ ਜਾਵੇ
- ਮੁੱਖ ਮੰਤਰੀ ਅਤੇ ਪੰਜਾਬ ਪੁਲਿਸ ਦੇ ਡੀਜੀਪੀ ਨੂੰ ਮੁਅੱਤਲ ਕੀਤਾ ਜਾਵੇ
- ਡਾਕਟਰਾਂ ਦਾ ਪੈਨਲ ਬਣਾ ਕੇ ਪੀਜੀਆਈ ਤੋਂ ਪੋਸਟਮਾਰਟਮ ਕਰਵਾਇਆ ਜਾਵੇ
- ਜ਼ਿਲ੍ਹੇ ਦੇ ਕਈ ਪੁਲਿਸ ਅਧਿਕਾਰੀਆਂ ਅਤੇ ਸਿਹਤ ਵਿਭਾਗ ਦੀ ਟੀਮ ਨੂੰ ਬਰਖਾਸਤ ਕੀਤਾ ਜਾਵੇ
- ਪਰੀ-ਗੈਬਲਿਨ ਯਾਨੀ ਸਿਗਨੇਚਰ ਕੈਪਸੂਲ ਨੂੰ ਐੱਨਡੀਪੀਐੱਸ ਦੇ ਅਧੀਨ ਲਿਆਂਦਾ ਜਾਵੇ
- ਮੰਗਾਂ ਨਾ ਮੰਨੇ ਜਾਣ ਤੱਕ ਮਾਨਸਾ ਵਿੱਚ ਲੱਗਿਆ ਧਰਨਾ ਜਾਰੀ ਰੱਖਣ ਦੀ ਗੱਲ ਕਹੀ ਗਈ ਹੈ।

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375

Website: www.preetnama.com Email preetnamausa@gmail.com

16 OCT TO 22 OCT, 2026

ਸ. ਮਹਿੰਦਰ ਸਿੰਘ ਮਹਿਤਮਪੁਰ ਬਣੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਦੇ ਪ੍ਰਧਾਨ

ਰਵਾਇਤੀ ਚੋਣ ਦੀ ਥਾਂ ਸਿਲੈਕਸ਼ਨ ਰਾਹੀਂ ਹੋਈ ਨਵੇਂ ਪ੍ਰਧਾਨ ਦੀ ਚੋਣ

ਨਿਊਯਾਰਕ (ਬਲਦੇਵ ਸਿੰਘ, ਬੀਜੀ ਸਟੂਡੀਓ): ਅਮਰੀਕਾ ਵਿੱਚ ਸਿੱਖ ਭਾਈਚਾਰੇ ਦੀ ਪ੍ਰਮੁੱਖ ਧਾਰਮਿਕ ਸੰਸਥਾ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ, ਰਿਚਮੰਡ ਹਿੱਲ, ਨਿਊਯਾਰਕ ਦੇ ਨਵੇਂ ਪ੍ਰਧਾਨ ਵਜੋਂ ਸ. ਮਹਿੰਦਰ ਸਿੰਘ ਮਹਿਤਮਪੁਰ ਦੀ ਚੋਣ ਕੀਤੀ ਗਈ ਹੈ। ਸੰਸਥਾ ਨਾਲ ਜੁੜੇ ਪ੍ਰਬੰਧਕਾਂ ਅਤੇ ਸੰਗਤ ਦੇ ਸਹਿਯੋਗ ਨਾਲ ਹੋਈ ਇਸ ਚੋਣ ਨੂੰ ਗੁਰਦੁਆਰਾ ਸਾਹਿਬ ਦੀਆਂ ਧਾਰਮਿਕ ਅਤੇ ਸਮਾਜਿਕ ਸੇਵਾਵਾਂ ਨੂੰ ਹੋਰ ਅੱਗੇ ਵਧਾਉਣ ਦੇ ਉਦੇਸ਼ ਨਾਲ ਮਹੱਤਵਪੂਰਨ ਕਦਮ ਮੰਨਿਆ ਜਾ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਵਾਰ ਪ੍ਰਧਾਨ ਦੀ ਚੋਣ ਰਵਾਇਤੀ ਵੋਟਿੰਗ ਦੀ ਥਾਂ ਸਿਲੈਕਸ਼ਨ ਪ੍ਰਕਿਰਿਆ ਰਾਹੀਂ ਕੀਤੀ ਗਈ। ਨਵੀਂ ਜ਼ਿੰਮੇਵਾਰੀ ਮਿਲਣ ਨਾਲ ਸ. ਮਹਿੰਦਰ ਸਿੰਘ ਮਹਿਤਮਪੁਰ ਦੇ ਮੋਢਿਆਂ 'ਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ, ਧਾਰਮਿਕ ਸਮਾਗਮਾਂ ਦਾ ਆਯੋਜਨ ਕਰਨ ਅਤੇ ਸੰਗਤ ਨੂੰ ਇਕਜੁੱਟ ਰੱਖਣ ਦੀ ਅਹਿਮ ਜ਼ਿੰਮੇਵਾਰੀ ਆ ਗਈ ਹੈ।

ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਇਲਾਕੇ ਦੀਆਂ ਸਿੱਖ ਸੰਗਤਾਂ ਲਈ ਧਾਰਮਿਕ ਆਸਥਾ ਦਾ ਮਹੱਤਵਪੂਰਨ ਕੇਂਦਰ ਹੈ। ਇੱਥੇ ਗੁਰਬਾਣੀ ਕੀਰਤਨ, ਗੁਰਮਤਿ ਸਮਾਗਮਾਂ ਅਤੇ ਹੋਰ ਧਾਰਮਿਕ ਕਾਰਜਾਂ ਰਾਹੀਂ ਸੰਗਤ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨਾਲ ਜੋੜਨ ਦੇ ਉਪਰਾਲੇ ਕੀਤੇ ਜਾਂਦੇ ਹਨ। ਅਜਿਹੀਆਂ ਸੰਸਥਾਵਾਂ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਨੂੰ ਆਪਣੀ ਮਾਂ-ਬੋਲੀ, ਸੱਭਿਆਚਾਰ ਅਤੇ ਧਾਰਮਿਕ ਵਿਰਸੇ ਨਾਲ ਜੋੜਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ।

ਇਸ ਮੌਕੇ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਮਾਹੌਲ ਦੇ ਨਾਲ-ਨਾਲ ਸੰਗਤ ਦੀ ਸ਼ਮੂਲੀਅਤ ਵੀ ਦੇਖਣ ਨੂੰ ਮਿਲੀ। ਸਮਾਗਮ ਦੀਆਂ ਤਸਵੀਰਾਂ ਵਿੱਚ ਗੁਰਬਾਣੀ ਕੀਰਤਨ ਕਰਦੀਆਂ ਜਥੇਬੰਦੀਆਂ, ਸੰਗਤ ਅਤੇ ਵੱਖ-ਵੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਦਿਖਾਈ ਦੇ ਰਹੀ ਹੈ। ਇਸ ਤੋਂ ਇਲਾਵਾ ਸਿੱਖ ਭਾਈਚਾਰੇ ਦੀਆਂ ਕਈ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤੇ ਜਾਣ ਦੀਆਂ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਨਵੇਂ ਪ੍ਰਧਾਨ ਤੋਂ ਉਮੀਦ ਕੀਤੀ ਜਾ ਰਹੀ ਹੈ ਕਿ ਉਹ ਸੰਗਤ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦੀਆਂ ਧਾਰਮਿਕ ਸੇਵਾਵਾਂ ਨੂੰ ਹੋਰ ਮਜ਼ਬੂਤ ਕਰਨਗੇ ਅਤੇ ਸੰਸਥਾ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਰਹਿਣਗੇ।

ਫੋਟੋ ਅਤੇ ਵੇਰਵਾ: ਬਲਦੇਵ ਸਿੰਘ, ਬੀਜੀ ਸਟੂਡੀਓ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

ਸ. ਮਹਿੰਦਰ ਸਿੰਘ ਮਹਿਤਮਪੁਰ ਬਣੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਦੇ ਪ੍ਰਧਾਨ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

ਸ. ਮਹਿੰਦਰ ਸਿੰਘ ਮਹਿਤਮਪੁਰ ਬਣੇ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਸਿੱਖ ਸੈਂਟਰ ਨਿਊਯਾਰਕ ਦੇ ਪ੍ਰਧਾਨ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375

Website: www.preetnama.com Email preetnamausa@gmail.com

16 OCT TO 22 OCT, 2026

Diwali Navaratri World's Fair Festival
Celebrated Successfully in New York

Queens, New York: The Diwali Navaratri World's Fair Festival was celebrated successfully on October 10, 2026, at Flushing Meadows Corona Park, in front of the iconic Unisphere. The vibrant community event brought together people from diverse communities to celebrate India's rich cultural heritage, traditions, and spirit of unity.

The festival began with prayers and concluded with a traditional Aarti, creating a spiritual and festive atmosphere. Attendees enjoyed free food, colorful cultural performances, music, dance, and a variety of family-friendly activities.

One of the major highlights was the energetic Garba dance, in which participants enthusiastically joined together to celebrate the festive spirit of Navaratri. People of all ages and backgrounds participated, making the event a beautiful example of cultural diversity, community participation, and togetherness. The celebration provided an opportunity for people from different communities to connect, share traditions, and enjoy the joy of Diwali and Navaratri.

The successful event reflected the importance of preserving cultural heritage while promoting harmony, inclusivity, and unity among all communities. The Diwali Navaratri World's Fair Festival was presented by the Arts4All Foundation, welcoming families and community members to celebrate together in a joyful and festive environment.

Preetnama

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

Diwali Navaratri World's Fair Festival Celebrated Successfully in New York





Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

Diwali Navaratri World's Fair Festival Celebrated Successfully in New York



Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375

Website: www.preetnama.com Email preetnamausa@gmail.com

16 OCT TO 22 OCT, 2026

ਕੌਣ ਹੈ ਅਸ਼ਵਨੀ ਕੁਮਾਰ, ਜਿਸ ਨੂੰ ਪਰਵਿੰਦਰ ਝੋਟਾ ਦੇ ਕਤਲ ਦੇ ਇਲਜ਼ਾਮ 'ਚ ਕੀਤਾ ਗਿਆ ਹੈ ਗ੍ਰਿਫ਼ਤਾਰ

ਹੁਣ ਤੱਕ ਦੀ ਪੁਲਿਸ ਕਾਰਵਾਈ

ਪੁਲਿਸ ਨੇ ਬੁੱਧਵਾਰ ਨੂੰ ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਐੱਫਆਈਆਰ ਦਰਜ ਕਰ ਲਈ ਹੈ ਅਤੇ ਅਸ਼ਵਨੀ ਕੁਮਾਰ ਅਤੇ ਉਸ ਦੇ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਦੌਰਾਨ ਬੁੱਧਵਾਰ ਨੂੰ ਮਾਨਸਾ ਪ੍ਰਸ਼ਾਸਨ ਨੇ ਅਸ਼ਵਨੀ ਕੁਮਾਰ ਦੇ ਘਰ ਨੂੰ ਬੁਲਡੋਜ਼ਰ ਦੀ ਮਦਦ ਨਾਲ ਢਾਹ ਦਿੱਤਾ ਹੈ। ਇਸ ਦੌਰਾਨ ਲੋਕਾਂ ਨੇ ਮੁਲਜ਼ਮ ਅਸ਼ਵਨੀ ਕੁਮਾਰ ਦੇ ਮੈਡੀਕਲ ਸਟੋਰ ਨੂੰ ਅੱਗ ਦੇ ਹਵਾਲੇ ਵੀ ਕਰ ਦਿੱਤਾ, ਜਿਸ ਨੂੰ ਬਾਅਦ ਵਿੱਚ ਮਾਨਸਾ ਫਾਇਰ ਬ੍ਰਿਗੇਡ ਦੀ ਟੀਮ ਨੇ ਬੁਝਾ ਦਿੱਤਾ। ਇਸ ਦੌਰਾਨ ਬਠਿੰਡਾ ਰੇਂਜ ਦੇ ਡੀਆਈਜੀ ਹਰਜੀਤ ਸਿੰਘ ਮੁਤਾਬਕ ਪਰਵਿੰਦਰ ਸਿੰਘ ਝੋਟਾ ਮਾਮਲੇ ਵਿੱਚ ਮ੍ਰਿਤਕ ਦੇ ਪਿਤਾ ਦੇ ਬਿਆਨਾਂ ਦੇ ਆਧਾਰ ਉੱਤੇ ਐੱਫਆਈਆਰ ਦਰਜ ਹੋ ਚੁੱਕੀ ਹੈ, ਜਿਸ ਵਿੱਚ ਦੋ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਉਨ੍ਹਾਂ ਮੁਤਾਬਕ ਐੱਫਆਈਆਰ ਵਿੱਚ ਪੰਜ ਤੋਂ ਛੇ ਅਣਪਛਾਤੇ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ। ਹਰਜੀਤ ਸਿੰਘ ਨੇ ਦੱਸਿਆ, ਮੁੱਖ ਮੁਲਜ਼ਮ ਅਸ਼ਵਨੀ ਕੁਮਾਰ ਅਤੇ ਉਸ ਦੇ ਇੱਕ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਅੱਗੇ ਦੀ ਕਾਰਵਾਈ ਕਾਨੂੰਨ ਮੁਤਾਬਕ ਕੀਤੀ ਜਾ ਰਹੀ ਹੈ। ਬੀਬੀਸੀ ਪੱਤਰਕਾਰ ਹਰਮਨਦੀਪ ਸਿੰਘ ਨੂੰ ਮਾਨਸਾ ਦੇ ਐੱਸਐੱਸਪੀ ਵੈਭਵ ਚੌਧਰੀ ਨੇ ਕਿਹਾ, ਘਰ ਅਤੇ ਦੁਕਾਨ ਉੱਤੇ ਬੁਲਡੋਜ਼ਰ ਚਲਾਉਣ ਦੀ ਕਾਰਵਾਈ ਪ੍ਰਸ਼ਾਸਨ ਵੱਲੋਂ ਕੀਤੀ ਗਈ ਹੈ। ਪੁਲਿਸ ਮੌਕੇ ਉੱਤੇ ਸਿਰਫ਼ ਕਾਨੂੰਨ ਵਿਵਸਥਾ ਬਣਾਈ ਰੱਖਣ ਵਾਸਤੇ ਮੌਜੂਦ ਸੀ। ਘਰ ਅਤੇ ਦੁਕਾਨ ਅਤੇ ਨਿਯਮਾਂ ਦੀ ਉਲੰਘਣਾ ਕਰ ਰਹੇ ਸਨ। ਦੁਕਾਨ ਢਾਹੁਣ ਦੀ ਸਾਰੀ ਕਾਰਵਾਈ ਪ੍ਰਸ਼ਾਸਨ ਨੇ ਕੀਤੀ ਹੈ। ਇਸ ਦੌਰਾਨ ਕੁੱਝ ਲੋਕ ਨੇ ਭਾਵੁਕ ਹੋਕੇ ਦੁਕਾਨ ਉੱਤੇ ਸਿਰਫ਼ ਪੱਥਰਬਾਜ਼ੀ ਕੀਤੀ ਹੈ।

ਪੰਜਾਬ ਦੇ ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਮਾਮਲੇ ਦੇ ਮੁੱਖ ਮੁਲਜ਼ਮ ਕੈਮਿਸਟ ਅਸ਼ਵਨੀ ਕੁਮਾਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪੰਜਾਬ ਪੁਲਿਸ ਮੁਤਾਬਕ ਅਸ਼ਵਨੀ ਕੁਮਾਰ ਨੂੰ ਰਾਜਸਥਾਨ ਦੇ ਸਾਲਾਸਰ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਇਸ ਦੌਰਾਨ ਮਾਨਸਾ ਪ੍ਰਸ਼ਾਸਨ ਨੇ ਬੁੱਧਵਾਰ ਨੂੰ ਅਸ਼ਵਨੀ ਕੁਮਾਰ ਦੇ ਘਰ ਅਤੇ ਦੁਕਾਨ ਉੱਤੇ ਬੁਲਡੋਜ਼ਰ ਚਲਾ ਕੇ ਉਸ ਨੂੰ ਢਾਹ ਦਿੱਤਾ। ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਬਾਅਦ ਤੋਂ ਹੀ ਮਾਨਸਾ ਵਿੱਚ ਸਥਿਤੀ ਤਣਾਅਪੂਰਨ ਬਣੀ ਹੋਈ ਹੈ। ਵੀਰਵਾਰ ਨੂੰ ਇਸੇ ਮੁੱਦੇ ਨੂੰ ਲੈ ਕੇ ਪੰਜਾਬ ਬੰਦ ਦਾ ਸੱਦਾ ਦਿੱਤਾ ਗਿਆ ਹੈ, ਜਿਸ ਨੂੰ ਵੱਖ-ਵੱਖ ਸਿਆਸੀ ਜਥੇਬੰਦੀਆਂ, ਕਿਸਾਨ ਅਤੇ ਧਾਰਮਿਕ ਜਥੇਬੰਦੀਆਂ ਨੇ ਹਮਾਇਤ ਦਿੱਤੀ ਹੈ। ਅਸ਼ਵਨੀ ਕੁਮਾਰ ਦੀ ਦੁਕਾਨ ਨੂੰ ਵੀ ਜੇਸੀਬੀ ਨਾਲ ਢਾਹ ਦਿੱਤਾ ਗਿਆ ਹੈ। ਜਦੋਂ ਦੁਕਾਨ ਨੂੰ ਢਾਹਿਆ ਗਿਆ ਸੀ ਤਾਂ ਉਸ ਵੇਲੇ ਪ੍ਰਸ਼ਾਸਨ ਦਾ ਕੋਈ ਵਿਅਕਤੀ ਉਸ ਪ੍ਰਕਿਰਿਆ ਵਿੱਚ ਸ਼ਾਮਲ ਨਹੀਂ ਸੀ।ਭੀੜ ਵੱਲੋਂ ਪਹਿਲਾਂ ਦੁਕਾਨ ਦੇ ਸ਼ਟਰ ਭੰਨੇ ਗਏ। ਫਿਰ ਦੁਕਾਨ ਦੇ ਅੰਦਰ ਭੰਨਤੋੜ ਕੀਤੀ ਗਈ ਅਤੇ ਦੁਕਾਨ ਨੂੰ ਅੱਗ ਵੀ ਲਗਾ ਦਿੱਤੀ ਗਈ। ਪ੍ਰਸ਼ਾਸਨ ਵੱਲੋਂ ਅੱਗ ਨੂੰ ਬੁਝਾ ਦਿੱਤਾ ਗਿਆ ਅਤੇ ਜੇਸੀਬੀ ਨਾਲ ਦੁਕਾਨ ਢਾਹ ਦਿੱਤੀ ਗਈ।

ਇਸ ਦੌਰਾਨ ਇਸ ਮਾਮਲੇ ਨੂੰ ਲੈ ਕੇ ਪੰਜਾਬ ਦੀ ਸਿਆਸਤ ਵੀ ਗਰਮਾਈ ਹੋਈ ਹੈ। ਬੁੱਧਵਾਰ ਨੂੰ ਕਾਂਗਰਸ, ਵਾਰਿਸ ਪੰਜਾਬ ਦੇ ਜਥੇਬੰਦੀ ਅਤੇ ਭਾਜਪਾ ਆਗੂਆਂ ਨੇ ਮਾਨਸਾ ਜਾ ਕੇ ਪਰਵਿੰਦਰ ਸਿੰਘ ਝੋਟਾ ਦੇ ਇਨਸਾਫ਼ ਦੀ ਗੱਲ ਕੀਤੀ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, ÷ਕੱਲ੍ਹ ਮਾਨਸਾ ਜ਼ਿਲ੍ਹੇ ਵਿੱਚ ਹੋਈ ਮੰਦਭਾਗੀ ਘਟਨਾ ਅਤਿ-ਨਿੰਦਣਯੋਗ ਹੈ। ਪੰਜਾਬ ਦੀ ਜਵਾਨੀ ਸਾਡਾ ਸਰਮਾਇਆ ਹੈ ਅਤੇ ਸੂਬੇ ਵਿੱਚ ਅਮਨ-ਕਾਨੂੰਨ ਦੀ ਸਥਿਤੀ ਨਾਲ ਖਿਲਵਾੜ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਪਰਵਿੰਦਰ ਸਿੰਘ ਝੋਟਾ ਦੇ ਕਤਲ ਦੀ ਵੀਡੀਓ ਵੀ ਸਾਹਮਣੇ ਆਈ ਹੈ, ਜਿਸ ਵਿੱਚ ਪਰਵਿੰਦਰ ਸਿੰਘ ਝੋਟਾ ਅਤੇ ਅਸ਼ਵਨੀ ਕੁਮਾਰ (ਮੈਡੀਕਲ ਸਟੋਰ ਦੇ ਮਾਲਕ) ਦੀ ਮੈਡੀਕਲ ਸਟੋਰ ਅੰਦਰ ਨਸ਼ਾ ਵੇਚਣ ਦੇ ਇਲਜ਼ਾਮ ਬਾਰੇ ਬਹਿਸ ਹੋ ਰਹੀ ਹੈ। ਵੀਡੀਓ ਵਿੱਚ ਪਰਵਿੰਦਰ ਸਿੰਘ ਝੋਟਾ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਨਾਮ ਦੇ ਵਿਅਕਤੀ ਖ਼ ?ਲਾਫ਼ ਪੁਲਿਸ ਨੂੰ ਫੋਨ ਕਰਨ ਦੀ ਗੱਲ ਕਹਿ ਰਹੇ ਹਨ। ਵੀਡੀਓ ਵਿੱਚ ਅਸ਼ਵਨੀ ਕੋਲ ਪਿਸਤੌਲ ਹੋਣ ਦੀ ਗੱਲ ਵੀ ਕਹੀ ਜਾ ਰਹੀ ਹੈ, ਜਿਸ ਵਿੱਚ ਝੋਟਾ ਦੁਕਾਨ ਮਾਲਕ ਨੂੰ ਪਿਸਤੌਲ ਨਾਲ ਫਾਇਰ ਕਰਨ ਲਈ ਲਲਕਾਰਦੇ ਵੀ ਸੁਣਾਈ ਦੇ ਰਹੇ ਹਨ। ਕੁਝ ਸਮੇਂ ਬਾਅਦ ਫਾਇਰ ਹੁੰਦਾ ਹੈ, ਜੋ ਕਿ ਪਰਵਿੰਦਰ ਸਿੰਘ ਝੋਟਾ ਨੂੰ ਲੱਗਦਾ ਹੈ। ਉਹ ਮੈਡੀਕਲ ਸਟੋਰ ਤੋਂ ਬਾਹਰ ਹੋ ਕੇ ਕਿਸੇ ਹੋਰ ਦੁਕਾਨ ਵਿੱਚ ਲੁਕਣ ਲਈ ਜਾਂਦੇ ਹਨ।

ਇੱਕ ਹੋਰ ਵੀਡੀਓ ਵਿੱਚ ਦਿਖਾਈ ਦਿੰਦਾ ਹੈ ਕਿ ਅਸ਼ਵਨੀ ਕੁਮਾਰ ਹੱਥ ਵਿੱਚ ਪਿਸਤੌਲ ਲੈ ਕੇ ਬਾਜ਼ਾਰ ਵਿੱਚ ਪਿੱਛੇ ਜਾਂਦਾ ਹੈ। ਇੱਕ ਹੋਰ ਫਾਇਰ ਹੋਣ ਦੀ ਆਵਾਜ਼ ਇਸ ਵੀਡੀਓ ਵਿੱਚ ਸੁਣਾਈ ਦਿੰਦੀ ਹੈ ਅਤੇ ਫਿਰ ਉਹ ਸ਼ਖ਼ਸ ਪਿਸਤੌਲ ਲੈ ਕੇ ਵਾਪਸ ਸਟੋਰ ਵੱਲ ਮੁੜ ਜਾਂਦਾ ਹੈ। ਜਾਣਕਾਰੀ ਮੁਤਾਬਕ ਜ਼ਖ਼ਮੀ ਹਾਲਤ ਵਿੱਚ ਪਰਵਿੰਦਰ ਸਿੰਘ ਝੋਟਾ ਨੂੰ ਮਾਨਸਾ ਦੇ ਸਿਵਲ ਹਸਪਤਾਲ ਵਿੱਚ ਲਿਆਂਦਾ ਗਿਆ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪਰਵਿੰਦਰ ਸਿੰਘ ਝੋਟਾ ਦਾ ਸਸਕਾਰ ਅਜੇ ਵੀ ਨਹੀਂ ਹੋਇਆ।

ਪੰਜਾਬ ਦੇ ਏਡੀਜੀਪੀ ਪੀਕੇ ਸਿਨਹਾ ਮੁਤਾਬਕ ਮੁਲਜ਼ਮ ਅਸ਼ਵਨੀ ਕੁਮਾਰ ਕੋਲ ਲਾਇਸੰਸਸ਼ੁਦਾ ਪਿਸਤੌਲ ਸੀ, ਜੋ ਘਟਨਾ ਵਿੱਚ ਵਰਤਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਅਸ਼ਵਨੀ ਕੁਮਾਰ ਨੂੰ ਅਸਲੇ ਦਾ ਲਾਇਸੰਸ ਕਿਸ ਤਰੀਕੇ ਨਾਲ ਮਿਲਿਆ, ਇਸ ਗੱਲ ਦੀ ਵੀ ਜਾਂਚ ਕੀਤੀ ਜਾ ਰਹੀ ਹੈ।

ਕੌਣ ਹੈ ਅਸ਼ਵਨੀ ਕੁਮਾਰ

ਅਸ਼ਵਨੀ ਕੁਮਾਰ ਮੂਲ ਰੂਪ ਵਿੱਚ ਮਾਨਸਾ ਦਾ ਹੀ ਰਹਿਣ ਵਾਲਾ ਹੈ ਅਤੇ ਸ਼ਹਿਰ ਦੇ ਮੁੱਖ ਬਾਜ਼ਾਰ ਵਿੱਚ ਪਿਛਲੇ ਕਈ ਸਾਲਾਂ ਤੋਂ ਮੈਡੀਕਲ ਦਵਾਈ ਵਿਕਰੇਤਾ ਵਜੋਂ ਕੰਮ ਕਰਦਾ ਸੀ। ਮਾਨਸਾ ਪੁਲਿਸ ਮੁਤਾਬਕ ਦੋਵਾਂ ਧਿਰਾਂ ਵਿਚਾਲੇ ਪਹਿਲਾਂ ਵੀ ਕਈ ਵਾਰ ਝਗੜਾ ਹੋ ਚੁੱਕਾ ਹੈ। ਸਾਲ 2023 ਵਿੱਚ ਪਰਵਿੰਦਰ ਸਿੰਘ ਝੋਟਾ ਨੇ ਅਸ਼ਵਨੀ ਕੁਮਾਰ ਉੱਤੇ ਪਾਬੰਦੀਸ਼ੁਦਾ ਕੈਪਸੂਲ ਵੇਚਣ ਦਾ ਇਲਜ਼ਾਮ ਲਾ ਕੇ ਉਸ ਦੇ ਗਲੇ ਵਿੱਚ ਜੁੱਤੀਆਂ ਦੀ ਮਾਲਾ ਪਾ ਕੇ ਉਸ ਖ਼ ?ਲਾਫ਼ ਪੁਲਿਸ ਕਾਰਵਾਈ ਦੀ ਮੰਗ ਕੀਤੀ ਸੀ। ਇਸ ਤੋਂ ਬਾਅਦ ਪੁਲਿਸ ਨੇ ਦੋਵਾਂ ਧਿਰਾਂ ਦੀ ਸ਼ਿਕਾਇਤ ਉੱਤੇ ਦੋਵਾਂ ਖ਼ ?ਲਾਫ਼ ਪਰਚਾ ਦਰਜ ਕੀਤਾ ਸੀ। ਬਠਿੰਡਾ ਦੇ ਡੀਆਈਜੀ ਹਰਜੀਤ ਸਿੰਘ ਇਸ ਆਧਾਰ ਉੱਤੇ ਇਸ ਘਟਨਾ ਨੂੰ ਨਿੱਜੀ ਰੰਜਿਸ਼ ਦੱਸ ਰਹੇ ਹਨ। ਪਰਵਿੰਦਰ ਸਿੰਘ ਝੋਟਾ ਦੀ ਸ਼ਿਕਾਇਤ ਉੱਤੇ ਅਸ਼ਵਨੀ ਕੁਮਾਰ ਵਿਰੁੱਧ 188 ਆਈਪੀਸੀ ਤਹਿਤ ਐੱਫਆਈਆਰ ਦਰਜ ਕੀਤੀ ਗਈ ਸੀ ਅਤੇ ਫਿਰ ਉਸ ਨੂੰ ਉਸੇ ਰਾਤ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਪੁਲਿਸ ਨੇ ਵੀ ਘਟਨਾ ਦਾ ਨੋਟਿਸ ਲੈਂਦਿਆਂ ਪਰਵਿੰਦਰ ਸਿੰਘ ਉਰਫ਼ ਝੋਟਾ ਅਤੇ 5 ਹੋਰਾਂ ਖ਼ ?ਲਾਫ਼ ਧਾਰਾ 355, 451, 323, 148, 149 ਆਈਪੀਸੀ ਤਹਿਤ ਐੱਫਆਈਆਰ ਦਰਜ ਕਰ ਲਈ। ਪਰਵਿੰਦਰ ਝੋਟਾ ਨੂੰ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਸੀ।

19 ਜੁਲਾਈ 2023 ਨੂੰ ਪ੍ਰਕਾਸ਼ਿਤ ਬੀਬੀਸੀ ਪੰਜਾਬੀ ਦੀ ਰਿਪੋਰਟ ਮੁਤਾਬਕ ਪੁਲਿਸ ਦਾ ਇਲਜ਼ਾਮ ਸੀ ਕਿ ਇਸ ਤੋਂ ਪਹਿਲਾਂ ਵੀ ਦੋ ਵਾਰ ਝੋਟਾ ਇਕੱਲਾ ਅਤੇ ਇੱਕ ਵਾਰ ਆਪਣੇ ਇੱਕ ਸਾਥੀ ਨਾਲ ਮੈਡੀਕਲ ਦੀ ਦੁਕਾਨ 'ਤੇ ਗਿਆ ਸੀ ਅਤੇ ਮਾਲਕ ਦੇ ਵਿਰੋਧ ਦੇ ਬਾਵਜੂਦ ਕਥਿਤ ਤੌਰ 'ਤੇ ਦੁਕਾਨ ਦੇ ਅੰਦਰ ਬਣੇ ਦਰਾਜ਼ 'ਚੋਂ ਪੈਸੇ ਕੱਢ ਲਏ ਸਨ। ਇਸੇ ਤਰ੍ਹਾਂ ਉਸ ਉੱਤੇ ਹੋਰਨਾਂ ਨੂੰ ਵੀ ਪੈਸੇ ਦੇਣ ਲਈ ਧਮਕੀਆਂ ਦੇਣ ਦਾ ਇਲਜ਼ਾਮ ਸੀ। ਉਸ ਦੇ ਖ਼ ?ਲਾਫ਼ ਕਈ ਮਾਮਲੇ ਵੀ ਦਰਜ ਕੀਤੇ ਗਏ ਹਨ ਤੇ ਉਸ ਨੂੰ ਸਜ਼ਾ ਵੀ ਦਿੱਤੀ ਜਾ ਚੁੱਕੀ ਹੈ। ਪਰ ਨਾਲ ਹੀ ਕਈ ਮਾਮਲਿਆਂ ਵਿੱਚ ਉਸ ਨੂੰ ਬਰੀ ਵੀ ਕੀਤਾ ਗਿਆ ਹੈ। ਪੁਲਿਸ ਵੱਲੋਂ ਝੋਟਾ ਨੂੰ 5 ਜੂਨ 2023 ਨੂੰ ਇੱਕ ਇਰਾਦਾ-ਏ-ਕਤਲ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਉਸ ਵੇਲੇ ਵੱਖ-ਵੱਖ ਜਥੇਬੰਦੀਆਂ ਵੱਲੋਂ ਮਾਨਸਾ ਸ਼ਹਿਰ ਵਿੱਚ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ ਸੀ, ਜਿਸ ਮਗਰੋਂ ਪੁਲਿਸ ਨੇ ਮਾਮਲਾ ਵਾਪਸ ਲੈ ਕੇ ਝੋਟਾ ਨੂੰ ਛੱਡ ਦਿੱਤਾ ਸੀ। ਪੰਜਾਬ ਦੇ ਏਡੀਜੀਪੀ ਪੀਕੇ ਸਿਨਹਾ ਮੁਤਾਬਕ ਅਸ਼ਵਨੀ ਦੇ ਖ਼ ?ਲਾਫ਼ ਇੱਕ ਤੋਂ ਜ਼ਿਆਦਾ ਪਰਚੇ ਸਨ ਅਤੇ ਕੁਝ ਵਿੱਚੋਂ ਉਹ ਬਰੀ ਹੋ ਚੁੱਕਾ ਸੀ ਅਤੇ ਕੁਝ ਅਜੇ ਵੀ ਲੰਬਿਤ ਹਨ।

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375

Website: www.preetnama.com Email preetnamausa@gmail.com

16 OCT TO 22 OCT, 2026

ਰਾਹੁਲ ਗਾਂਧੀ ਦੀ 9 ਘੰਟਿਆਂ ਦੀ ਰਣਨੀਤੀ, ਪੁਲਿਸ ਦੀ ਸਖ਼ਤੀ ਅਤੇ ਚੋਣ ਕਮਿਸ਼ਨ ਦਾ ਜਵਾਬ, ਤਿੰਨਾਂ ਨੂੰ ਕਿਵੇਂ ਦੇਖਿਆ ਜਾ ਰਿਹਾ ਹੈ ?

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਵਿੱਚ ਪੁਲਿਸ ਨੇ ਵਿਰੋਧੀ ਧਿਰ ਦੇ ਮੁੱਖ ਨੇਤਾ ਰਾਹੁਲ ਗਾਂਧੀ ਨੂੰ ਕਰੀਬ ਨੌ ਘੰਟਿਆਂ ਤੱਕ ਚੱਲੇ ਗਤੀਰੋਧ ਨੂੰ ਖ਼ਤਮ ਕਰਨ ਲਈ ਕੁਝ ਸਮੇਂ ਲਈ ਹਿਰਾਸਤ ਵਿੱਚ ਲਿਆ। ਰਾਹੁਲ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੇ ਅਸਤੀਫੇ ਦੀ ਮੰਗ ਨੂੰ ਲੈ ਕੇ ਹੋ ਰਹੇ ਪ੍ਰਦਰਸ਼ਨ ਵਿਚ ਸ਼ਾਮਲ ਸੀ। ਵਿਰੋਧ ਪ੍ਰਦਰਸ਼ਨ ਵੋਟਰ ਸੂਚੀਆਂ ਦੇ ਵਿਵਾਦਤ ਐਸਆਈਆਰ ਖ਼ ?ਲਾਫ਼ ਕੀਤਾ ਜਾ ਰਿਹਾ ਸੀ। ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਭੈਣ ਪ੍ਰਿਅੰਕਾ ਗਾਂਧੀ ਵਾਡਰਾ ਨੂੰ ਪੁਲਿਸ ਜਬਰਨ ਅਕਾਸ਼ਵਾਣੀ ਦੇ ਕੈਂਪਸ ਤੋਂ ਇੱਕ ਬੱਸ ਵੱਲ ਲੈ ਗਈ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਸੈਂਕੜੇ ਪੁਲਿਸ ਕਰਮੀਆਂ ਨੇ ਉਨ੍ਹਾਂ ਨੂੰ ਚੋਣ ਕਮਿਸ਼ਨ ਹੈੱਡਕੁਆਰਟਰ ਵੱਲ ਮਾਰਚ ਕਰਨ ਤੋਂ ਰੋਕ ਦਿੱਤਾ ਸੀ। ਦੋਨਾਂ ਨੂੰ ਸ਼ਾਮ ਵੇਲੇ ਰਿਹਾਅ ਕਰ ਦਿੱਤਾ ਗਿਆ। ਵਿਰੋਧੀ ਧਿਰ ਦੇ ਨੇਤਾ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਹੁਦੇ ਤੋਂ ਹਟਾਉਣ ਅਤੇ ਮਤਦਾਤਾ ਸੂਚੀ ਵਿੱਚ ਕੀਤੇ ਗਏ ਵਿਵਾਦਤ ਬਦਲਾਅ ਨੂੰ ਰੱਦ ਕਰਨ ਦੀ ਮੰਗ ਕਰ ਰਹੇ ਹਨ। ਇਸ ਪ੍ਰਕਿਰਿਆ ਵਿਚ ਮਤਦਾਤਾ ਸੂਚੀ ਵਿੱਚੋਂ 13 ਕਰੋੜ ਤੋਂ ਜ਼ਿਆਦਾ ਨਾਮ ਹਟਾਏ ਗਏ ਹਨ। ਵਿਰੋਧੀਆਂ ਦਾ ਇਲਜ਼ਾਮ ਹੈ ਕਿ ਇਸ ਪ੍ਰਕਿਰਿਆ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸੱਤਾਧਿਰ ਪਾਰਟੀ ਨੂੰ ਅਣ-ਉਚਿਤ ਲਾਭ ਮਿਲਿਆ ਹੈ। ਚੋਣ ਕਮਿਸ਼ਨ ਅਤੇ ਭਾਰਤੀ ਜਨਤਾ ਪਾਰਟੀ ਨੇ ਇਨ੍ਹਾਂ ਇਲਜ਼ਾਮਾਂ ਤੋਂ ਇਨਕਾਰ ਕੀਤਾ ਹੈ। ਰਾਹੁਲ ਗਾਂਧੀ ਵਿਰੋਧ ਪ੍ਰਦਰਸ਼ਨ ਦੌਰਾਨ ਪੁਲਿਸ ਅਧਿਕਾਰੀ ਨਾਲ ਬਹਿਸ ਕਰਦੇ ਵੀ ਦਿਸੇ। ਇੱਕ ਪੁਲਿਸ ਅਧਿਕਾਰੀ ਨੇ ਰਾਹੁਲ ਨੂੰ ਕਿਹਾ ਕਿ ਉਨ੍ਹਾਂ ਨੂੰ ਇੱਥੋਂ ਚਲੇ ਜਾਣਾ ਚਾਹੀਦਾ ਹੈ।

ਚੋਣ ਕਮਿਸ਼ਨ ਦੀ ਕਾਰਜਸ਼ੈਲੀ 'ਤੇ ਸਵਾਲ ਵਿਰੋਧੀ ਹੀ ਨਹੀਂ ਚੁੱਕ ਰਹੇ ਹਨ ਬਲਕਿ ਇਸ ਸੰਸਥਾ ਵਿੱਚ ਸ਼ਿਖਰ 'ਤੇ ਰਹੇ ਲੋਕ ਵੀ ਚੁੱਕ ਰਹੇ ਹਨ।

ਚੋਣ ਕਮਿਸ਼ਨ ਦੇ ਸਾਬਕਾ ਕਮਿਸ਼ਨਰ ਅਸ਼ੋਕ ਲਵਾਸੀਂ ਮੰਨਦੇ ਹਨ ਕਿ ਚੋਣ ਕਮਿਸ਼ਨ ਨੇ ਖੁਦ ਨੂੰ ਬਹੁਤ ਹੀ ਮੁਸ਼ਕਿਲ ਸਥਿਤੀ ਵਿਚ ਪਹੁੰਚਾ ਦਿੱਤਾ ਹੈ ਅਤੇ ਅਫ਼ਸੋਸ ਦੀ ਗੱਲ ਹੈ ਕਿ ਇੱਥੋਂ ਤੱਕ ਪਹੁੰਚਣ ਵਿੱਚ ਉਸ ਦੀ ਆਪਣੀ ਭੂਮਿਕਾ ਵੀ ਰਹੀ ਹੈ। ਅਸ਼ੋਕ ਲਵਾਸੀਂ ਨੇ ਪ੍ਰਮੁਖ ਅੰਗਰੇਜ਼ੀ ਅਖਬਾਰ ਇੰਡੀਅਨ ਐਕਸਪ੍ਰੈਸ ਵਿਚ ਛੇ ਅਕਤੂਬਰ ਨੂੰ ਲਿਖਿਆ ਸੀ, ÷ਸਾਲਾਂ ਤੋਂ ਆਪਣੇ ਸਹਿਜ ਅਤੇ ਮਿਲਣਸਾਰ ਰਵੱਈਏ ਨਾਲ ਲੋਕਾਂ ਦਾ ਵਿਸ਼ਵਾਸ ਜਿੱਤਣ ਵਾਲੀ ਇਹ ਸੰਸਥਾ ਅੱਜ ਲਗਭਗ ਪੂਰੀ ਤਰ੍ਹਾਂ ਇਕੱਲੀ ਪੈ ਗਈ ਹੈ। ਉਸ ਦਾ ਇੱਕੋ ਇੱਕ ਮਿੱਤਰ ਸੱਤਾਧਿਰ ਦਲ ਜਦੋਂ ਵੀ ਉਸ ਦੇ ਬਚਾਅ ਵਿੱਚ ਸਾਹਮਣੇ ਆਉਂਦਾ ਹੈ, ਕਮਿਸ਼ਨ ਨੂੰ ਹੋਰ ਜ਼ਿਆਦਾ ਮੁਸ਼ਕਿਲ ਸਥਿਤੀ ਵਿਚ ਧੱਕ ਦਿੰਦਾ ਹੈ। ਈਸੀਆਈ ਦੇ ਅੰਦਰ ਚੱਲ ਰਹੀ ਜੰਗ ਹੁਣ ਜਨਤਕ ਹੋ ਚੁੱਕੀ ਹੈ। ਦੋ ਚੋਣ ਕਮਿਸ਼ਨਰਾਂ ਵੱਲੋਂ ਲਿਖੇ ਗਏ 14 ਇਤਰਾਜ਼ਾਂ ਨੇ ਮੁੱਖ ਚੋਣ ਕਮਿਸ਼ਨਰ ਨੂੰ ਵਿਵਾਦ ਦੇ ਕੇਂਦਰ ਵਿਚ ਲਿਆ ਦਿੱਤਾ ਹੈ ਭਾਵੇਂ ਹੀ ਇਹ ਤੂਫ਼ਾਨ ਉਨ੍ਹਾਂ ਦੀ ਆਪਣੀ ਸਥਿਤੀ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ।÷

ਚੋਣ ਕਮਿਸ਼ਨ ਦਾ ਜਵਾਬ

ਦੇਰ ਸ਼ਾਮ ਇਸ ਮਾਮਲੇ ਵਿੱਚ ਚੋਣ ਕਮਿਸ਼ਨ ਦਾ ਜਵਾਬ ਵੀ ਆਇਆ। ਚੋਣ ਕਮਿਸ਼ਨ ਨੇ ਕਿਹਾ ਕਿ ਉਸ ਨੇ ਪ੍ਰਦਰਸ਼ਨ ਕਰ ਰਹੇ ਸਾਂਸਦਾਂ ਤੋਂ ਮੰਗ ਪੱਤਰ ਲੈਣ ਲਈ ਪ੍ਰਸਤਾਵਿਤ ਬੈਠਕ ਵਾਲੀ ਥਾਂ ਡਿਊਟੀ 'ਤੇ ਮੌਜੂਦ ਸਭ ਤੋਂ ਸੀਨੀਅਰ ਅਧਿਕਾਰੀ ਨੂੰ ਭੇਜਣ ਦੀ ਪੇਸ਼ਕਸ਼ ਕੀਤੀ ਸੀ। ਕਮਿਸ਼ਨ ਮੁਤਾਬਕ, ਇਹ ਆਪਣੇ ਆਪ ਵਿੱਚ ਇੱਕ ਬੇਮਿਸਾਲ ਕਦਮ ਹੁੰਦਾ। ਹਾਲਾਂਕਿ ਪ੍ਰਦਰਸ਼ਨ ਕਰ ਰਹੇ ਨੇਤਾਵਾਂ ਨੇ ਇਹ ਪ੍ਰਸਤਾਅ ਵੀ ਠੁਕਰਾ ਦਿੱਤਾ। ਰਾਜਧਾਨੀ ਵਿੱਚ ਆਲ ਇੰਡੀਆ ਰੇਡੀਓ ਦੇ ਮੁੱਖ ਦਫ਼ਤਰ ਅਕਾਸ਼ਵਾਣੀ ਭਵਨ ਅੰਦਰ ਪ੍ਰਦਰਸ਼ਨ ਵਾਲੀ ਥਾਂ ਤੋਂ ਰਾਹੁਲ ਗਾਂਧੀ ਨੂੰ ਹਿਰਾਸਤ ਵਿੱਚ ਲਏ ਜਾਣ ਬਾਅਦ ਜਾਰੀ ਅਧਿਕਾਰਕ ਬਿਆਨ ਵਿੱਚ ਚੋਣ ਕਮਿਸ਼ਨ ਨੇ ਕਿਹਾ ਕਿ ਸ਼ਾਮ ਚਾਰ ਵਜੇ ਤੱਕ ਉਸ ਨੂੰ ਮੀਡੀਆ ਜ਼ਰੀਏ ਹੀ ਇਹ ਜਾਣਕਾਰੀ ਮਿਲੀ ਸੀ ਕਿ ਕੁਝ ਸਾਂਸਦ ਹੈੱਡਕੁਆਟਰ ਵੱਲ ਮਾਰਚ ਦੌਰਾਨ ਆਪਣੇ ਪ੍ਰਤੀਨਿਧੀ ਮੰਡਲ ਨਾਲ ਕਮਿਸ਼ਨ ਨੂੰ ਮਿਲਣਾ ਚਾਹੁੰਦੇ ਸੀ। ਕਮਿਸ਼ਨ ਨੇ ਕਿਹਾ, ਅੱਜ ਸ਼ਾਮ ਚਾਰ ਵਜੇ ਤੱਕ ਕਿਸੇ ਵੀ ਸਿਆਸੀ ਦਲ ਨੇ ਆਪਣੇ ਆਪਣੇ ਨੁਮਾਇੰਦਿਆਂ ਜ਼ਰੀਏ ਚੋਣ ਕਮਿਸ਼ਨਰ ਨਾਲ ਮੁਲਾਕਾਤ ਲਈ ਸਮਾਂ ਨਹੀਂ ਮੰਗਿਆ ਸੀ। ਹਾਲਾਂਕਿ ਕਰੀਬ ਚਾਰ ਵਜੇ ਦਿੱਲੀ ਪੁਲਿਸ ਨੂੰ ਜਾਣਕਾਰੀ ਮਿਲੀ ਕਿ ਰਾਹੁਲ ਗਾਂਧੀ ਦੀ ਅਗਵਾਈ ਵਿੱਚ ਸਾਂਸਦਾਂ ਦਾ ਇੱਕ ਵਫਦ ਕਮਿਸ਼ਨਰ ਨੂੰ ਮਿਲਣਾ ਅਤੇ ਮੰਗ ਪੱਤਰ ਸੌਂਪਣਾ ਚਾਹੁੰਦਾ ਹੈ। ਇਸ ਤੋਂ ਬਾਅਦ ਜਦੋਂ ਚੋਣ ਕਮਿਸ਼ਨ ਇਸ ਅਪੀਲ ਬਾਰੇ ਵਿਚਾਰ ਕਰ ਰਿਹਾ ਸੀ ਤਾਂ ਦਿੱਲੀ ਪੁਲਿਸ ਦੇ ਡਿਪਟੀ ਕਮਿਸ਼ਨਰ ਆਫ ਪੁਲਿਸ ਨੇ ਦੱਸਿਆ ਕਿ ਕਿ ਇਸ ਵਫ਼ਦ ਵਿਚ 240 ਸਾਂਸਦ ਸ਼ਾਮਲ ਹਨ ਅਤੇ ਬੈਠਕ ਲਈ ਪ੍ਰਸਤਾਵਿਤ ਥਾਂ ਸੰਸਦ ਭਵਨ ਏਨੇਕਸੀ ਹੈ। ਕਮਿਸ਼ਨ ਨੇ ਆਪਣੇ ਬਿਆ ਵਿੱਚ ਕਿਹਾ, ਚੋਣ ਕਮਿਸ਼ਨ ਨੇ ਇਸ ਅਪੀਲ ਨੂੰ ਅਸਧਾਰਨ ਮੰਨਿਆ ਅਤੇ ਇਸ ਲਈ ਇਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਿਆ ਕਿਉਂਕਿ ਈ.ਸੀ.ਆਈ ਦੇ ਪ੍ਰੋਟੋਕੋਲ ਮੁਤਾਬਕ ਅਜਿਹੀਆਂ ਬੈਠਕਾਂ ਸਿਰਫ਼ ਚੋਣ ਕਮਿਸ਼ਨ ਦੇ ਦਫ਼ਤਰ ਵਿੱਚ ਹੀ ਹੁੰਦੀਆਂ ਹਨ। ਚੋਣ ਕਮਿਸ਼ਨ ਨੇ ਕਿਹਾ ਕਿ ਇਸ ਦੀ ਬਜਾਏ ਉਸ ਨੇ ਡਿਊਟੀ 'ਤੇ ਮੌਜੂਦ ਸਭ ਤੋਂ ਸੀਨੀਅਰ ਅਧਿਕਾਰੀ ਨੂੰ ਭੇਜ ਕੇ ਮੰਗ ਪੱਤਰ ਲੈਣ ਦੀ ਪੇਸ਼ਕਸ਼ ਕੀਤੀ ਸੀ, ਪਰ ਵਿਰੋਧੀ ਸਾਂਸਦਾਂ ਨੇ ਇਸ ਪ੍ਰਸਤਾਅ ਨੂੰ ਖਾਰਜ ਕਰ ਦਿੱਤਾ।

ਕਮਿਸ਼ਨ ਨੇ ਅੱਗੇ ਕਿਹਾ ਕਿ 2025 ਵਿੱਚ ਉਸ ਨੇ ਸਿਆਸੀ ਦਲਾਂ ਨਾਲ ਬੈਠਕ ਲਈ ਇੱਕ ਪ੍ਰਕਿਰਿਆ ਨਿਰਧਾਰਿਤ ਕੀਤੀ ਸੀ ਅਤੇ ਸਾਰੇ ਸਿਆਸੀ ਦਲਾਂ ਨੂੰ ਇਸ ਦੀ ਜਾਣਕਾਰੀ ਦਿੱਤੀ ਗਈ ਸੀ। ਕਮਿਸ਼ਨ ਨੇ ਕਿਹਾ, ਇਸ ਪ੍ਰਕਿਰਿਆ ਤਹਿਤ ਜਦੋਂ ਕਿਸੇ ਸਿਆਸੀ ਦਲ ਦਾ ਵਫ਼ਦ ਜਾਂ ਕਈ ਦਲਾਂ ਦਾ ਸੰਯੁਕਤ ਵਫ਼ਦ ਚੋਣ ਕਮਿਸ਼ਨ ਨੂੰ ਮਿਲਣਾ ਚਾਹੁੰਦਾ ਹੈ ਤਾਂ ਉਸ ਨੂੰ ਆਪਣੇ ਅਧਿਕਾਰਕ ਨੁਮਾਇੰਦੇ ਜ਼ਰੀਏ ਮੁਲਾਕਾਤ ਲਈ ਸਮਾਂ ਮੰਗਣਾ ਹੁੰਦਾ ਹੈ। ਇਸ ਤੋਂ ਬਾਅਦ ਬੈਠਕ ਦਾ ਸਮਾਂ ਦੋਹਾਂ ਪੱਖਾਂ ਦੀ ਆਪਸੀ ਸਹਿਮਤੀ ਨਾਲ ਤੈਅ ਕੀਤਾ ਜਾਂਦਾ ਹੈ।

ਇੰਡੀਆ ਗਠਜੋੜ ਦੀ ਰਣਨੀਤੀ

ਕਾਂਗਰਸ ਪਾਰਟੀ ਦੀ ਅਗਵਾਈ ਵਿੱਚ ਕਰੀਬ ਤਿੰਨ ਸੌ ਸਾਂਸਦਾਂ ਨੇ ਮੰਗਲਵਾਰ ਨੂੰ ਸੰਸਦ ਤੋਂ ਸੈਂਟਰਲ ਨਵੀਂ ਦਿੱਲੀ ਸਥਿਤ ਚੋਣ ਕਮਿਸ਼ਨ ਹੈੱਡਕੁਆਟਰ ਤੱਕ ਅੱਠ ਸੌ ਮੀਟਰ ਦੀ ਦੂਰੀ ਤੱਕ ਮਾਰਚ ਕੀਤਾ। ਰਾਹੁਲ ਗਾਂਧੀ ਦੇ ਹੱਥ ਵਿੱਚ ਇੱਕ ਤਖ਼ਤੀ ਸੀ ਜਿਸ ਉੱਤੇ ਲਿਖਿਆ ਸੀ, ਗਿਆਨੇਸ਼, ਇਟਸ ਡਨ ਬ੍ਰੋ ਇਸ ਤੋਂ ਪਹਿਲਾਂ ਗਾਂਧੀ ਨੇ ਮੁੱਖ ਚੋਣ ਕਮਿਸ਼ਨਰ 'ਤੇ ÷ਬੀਜੇਪੀ ਦੀ ਮਦਦ ਕਰਨ ਲਈ ਆਪਣੇ ਅਹੁਦੇ ਦੀ ਦੁਰਵਰਤੋਂ ਕਰਨ ਦਾ ਇਲਜ਼ਾਮ ਲਗਾਇਆ ਸੀ। ਗਾਂਧੀ ਨੇ ਕਿਹਾ, ÷ਲੋਕਤੰਤਰ 'ਤੇ ਇਸ ਅਪਰਾਧਿਕ ਹਮਲੇ ਵਿੱਚ ਸ਼ਾਮਲ ਹਰ ਵਿਅਕਤੀ ਜਵਾਬਦੇਹ ਠਹਿਰਾਇਆ ਜਾਏਗਾ। ਪਿਛਲੇ ਹਫਤੇ ਦ ਹਿੰਦੂ ਗਰੁੱਪ ਦੇ ਪ੍ਰਮੁਖ ਐਨ ਰਾਮ ਨੇ ਬੀਬੀਸੀ ਹਿੰਦੀ ਨੂੰ ਕਿਹਾ ਸੀ ਕਿ ਮੋਦੀ ਸਰਕਾਰ ਦੇ ਪਿਛਲੇ ਕਰੀਬ 13 ਸਾਲਾਂ ਦੇ ਕਾਰਜਕਾਲ ਵਿਚ ਵਿਰੋਧੀ ਧਿਰ ਲਈ ਇੰਨਾ ਚੰਗਾ ਸਮਾਂ ਕਦੇ ਨਹੀਂ ਸੀ ਕਿਉਂਕਿ ਲੋਕਾਂ ਦੀ ਨਰਾਜ਼ਗੀ ਜਨਤਕ ਤੌਰ 'ਤੇ ਦਿਖਾਈ ਦੇ ਰਹੀ ਹੈ। ਵੋਟਰ ਸੂਚੀ ਵਿੱਚ ਬਦਲਾਅ ਦੀ ਇਸ ਪ੍ਰਕਿਰਿਆ ਨੂੰ ਸਪੈਸ਼ਲ ਇੰਟੈਸਿਵ ਰਿਵੀਜ਼ਨ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਦੀ ਸ਼ੁਰੂਆਤ ਪਿਛਲੇ ਸਾਲ ਬਿਹਾਰ ਤੋਂ ਹੋਈ ਸੀ, ਜਿੱਥੇ ਬੀਜੇਪੀ ਨੇ ਅਰਾਮ ਨਾਲ ਜਿੱਤ ਹਾਸਲ ਕੀਤੀ ਸੀ। ਇਸ ਤੋਂ ਬਾਅਦ ਇਸ ਨੂੰ ਪੂਰੇ ਦੇਸ਼ ਵਿਚ ਲਾਗੂ ਕੀਤਾ ਗਿਆ। ਅਨੁਮਾਨ ਹੈ ਕਿ ਕਰੀਬ 13 ਕਰੋੜ ਨਾਮ, ਯਾਨੀ ਕੁੱਲ ਮਤਦਾਤਾਵਾਂ ਦੇ ਲਗਭਗ 13 ਫ਼ੀਸਦੀ ਨਾਮ, ਵੋਟਰ ਸੂਚੀ ਤੋਂ ਹਟਾ ਦਿੱਤੇ ਗਏ ਹਨ। ਚੋਣ ਕਮਿਸ਼ਨ ਨੇ ਇਸ ਪ੍ਰਕਿਰਿਆ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਹਟਾਏ ਗਏ ਨਾਮ ਡੁਪਲੀਕੇਟ, ਮ੍ਰਿਤਕਾਂ ਜਾਂ ਪ੍ਰਵਾਸੀਆਂ ਦੇ ਸਨ। ਹਾਲਾਂਕਿ ਅਲੋਚਕਾਂ ਦਾ ਇਲਜ਼ਾਮ ਹੈ ਕਿ ਕਮਿਸ਼ਨ ਨੇ ਗਲਤ ਤਰੀਕੇ ਨਾਲ ਕਰੋੜਾਂ ਮਤਦਾਤਾਵਾਂ ਦੇ ਨਾਮ ਹਟਾ ਦਿੱਤੇ ਜਿਨ੍ਹਾਂ ਵਿੱਚ ਖਾਸ ਤੌਰ 'ਤੇ ਮੁਸਲਿਮ ਵੋਟਰ ਸ਼ਾਮਲ ਹਨ ਅਤੇ ਇਹ ਸਭ ਮੋਦੀ ਸਰਕਾਰ ਦੇ ਦਬਾਅ ਵਿੱਚ ਕੀਤਾ ਗਿਆ। ਪਿਛਲੇ ਇੱਕ ਸਾਲ ਵਿੱਚ ਬੀਜੇਪੀ ਨੇ ਕਈ ਸੂਬਿਆਂ ਵਿੱਚ ਜਿੱਤ ਹਾਸਿਲ ਕੀਤੀ ਹੈ ਜਿਨ੍ਹਾਂ ਵਿੱਚ ਵਿਰੋਧੀ ਧਿਰ ਦੇ ਕਬਜ਼ੇ ਵਾਲਾ ਪੱਛਮ ਬੰਗਾਲ ਵੀ ਸ਼ਾਮਲ ਹੈ। ਹੁਣ ਬੀਜੇਪੀ ਅਤੇ ਉਸ ਦੇ ਸਹਿਯੋਗੀਆਂ ਦਾ ਕੰਟਰੋਲ ਅਜਿਹੇ ਸੂਬਿਆਂ 'ਤੇ ਹੈ ਜਿਨ੍ਹਾਂ ਵਿਚ ਦੇਸ਼ ਦੀ 70 ਫ਼ੀਸਦੀ ਤੋਂ ਵੱਧ ਅਬਾਦੀ ਰਹਿੰਦੀ ਹੈ। ਇਹ ਸਥਿਤੀ 1970 ਦੇ ਦਹਾਕੇ ਵਿੱਚ ਇੰਦਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਦੇ ਦਬਦਬੇ ਦੇ ਨੇੜੇ ਮੰਨਿਆ ਜਾ ਰਿਹਾ ਹੈ। ਬੀਜੇਪੀ ਫ਼ਰਵਰੀ ਵਿੱਚ ਉੱਤਰ ਪ੍ਰਦੇਸ਼ ਵਿੱਚ ਵੀ ਆਪਣਾ ਕੰਟਰੋਲ ਬਣਾਈ ਰੱਖਣ ਦੀ ਕੋਸ਼ਿਸ਼ ਕਰ ਰਹੀ ਹੈ। ਉੱਤਰ ਪ੍ਰਦੇਸ਼ ਭਾਰਤ ਦਾ ਸਭ ਤੋਂ ਜ਼ਿਆਦਾ ਅਬਾਦੀ ਵਾਲਾ ਸੂਬਾ ਹੈ ਅਤੇ ਇੱਥੇ ਵੱਡੀ ਮੁਸਲਿਮ ਅਬਾਦੀ ਰਹਿੰਦੀ ਹੈ। ਪਿਛਲੇ ਮਹੀਨੇ ਇੰਡੀਅਨ ਐਕਸਪ੍ਰੈਸ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਤੋਂ ਬਾਅਦ ਚੋਣ ਕਮਿਸ਼ਨ ਨੂੰ ਲੈ ਕੇ ਨਰਾਜ਼ਗੀ ਹੋਰ ਵਧੀ ਹੈ। ਰਿਪੋਰਟ ਵਿੱਚ ਐਸਆਈਆਰ ਦੀ ਪ੍ਰਕਿਰਿਆ ਵਿੱਚ ਅਨਿਯਮਿਤਾਵਾਂ ਅਤੇ ਚੋਣ ਕਮਿਸ਼ਨ ਦੇ ਦੋ ਹੋਰ ਕਮਿਸ਼ਨਰਾਂ ਵੱਲੋਂ ਚੁੱਕੇ ਗਏ ਦਰਜਨਾਂ ਇਤਰਾਜ਼ਾਂ ਦਾ ਇਲਜ਼ਾਮ ਲਗਾਇਆ ਗਿਆ ਸੀ। ਚੋਣ ਕਮਿਸ਼ਨ ਨੇ ਕਿਹਾ ਕਿ ਇਸ ਤਰ੍ਹਾਂ ਦੇ ਮਤਭੇਦ ਫ਼ੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਹੋਣ ਵਾਲੇ ਸਧਾਰਨ ਵਿਚਾਰ ਵਿਟਾਂਦਰੇ ਦਾ ਹਿੱਸਾ ਹਨ ਅਤੇ ਉਸ ਦੇ ਅੰਤਿਮ ਫ਼ੈਸਲੇ ਸਰਬ-ਸੰਮਤੀ ਵਾਲੇ ਸੀ। ਸ਼ੁਕਰਵਾਰ ਨੂੰ ਕਮਿਸ਼ਨ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿਨ੍ਹਾਂ ਯੋਗ ਵੋਟਰਾਂ ਦੇ ਨਾਮ ਗਲਤੀ ਨਾਲ ਸੂਚੀ ਤੋਂ ਛੁੱਟ ਗਏ ਹਨ, ਉਨ੍ਹਾਂ ਦੇ ਨਾਮ ਵਾਪਸ ਜੋੜੇ ਜਾਣ।

ਰਾਹੁਲ 'ਤੇ ਪੁਲਿਸ ਦੀ ਸਖ਼ਤੀ

ਇਸ 'ਤੇ ਰਾਹੁਲ ਗਾਂਧੀ ਨੇ ਕਿਹਾ, ਕੀ ਲੋਕਤੰਤਰ ਵਿੱਚ ਸ਼ਾਂਤੀਪੂਰਨ ਵਿਰੋਧ ਦਾ ਅਧਿਕਾਰ ਨਹੀਂ ਹੈ ? ਕੀ ਵਿਰੋਧੀ ਸਾਂਸਦ ਮੁੱਖ ਚੋਣ ਕਮਿਸ਼ਨਰ ਨੂੰ ਨਹੀਂ ਮਿਲ ਸਕਦੇ ? ਇਸ ਦੇ ਜਵਾਬ ਵਿਚ ਪੁਲਿਸ ਅਧਿਕਾਰੀ ਨੇ ਕਿਹਾ ਕਿ ਤੁਹਾਨੂੰ ਚੋਣ ਕਮਿਸ਼ਨ ਵਿੱਚ ਅਪਾਇੰਟਮੈਂਟ ਲੈਣਾ ਚਾਹੀਦਾ ਸੀ। ਜਵਾਬ ਵਿਚ ਰਾਹੁਲ ਨੇ ਕਿਹਾ, ÷ਮੈਂ ਕਈ ਵਾਰ ਅਪਾਇੰਟਮੈਂਟ ਮੰਗਿਆ ਪਰ ਨਹੀਂ ਮਿਲਿਆ। ਦਿੱਲੀ ਵਿਚ ਕੋਈ ਅਜਿਹੀ ਜਗ ?ਹਾ ਦੱਸ ਦਿਓ ਮੈਂ ਉੱਥੇ ਚਲਾ ਜਾਂਦਾ ਹਾਂ ਵਿਰੋਧ ਪ੍ਰਦਰਸ਼ਨ ਕਰਨ। ਸੁਪਰੀਮ ਕੋਰਟ ਦੀ ਸੀਨੀਅਰ ਵਕੀਲ ਅਤੇ ਮਨੁੱਖੀ ਅਧਿਕਾਰ ਕਾਰਜ-ਕਰਤਾ ਵ੍ਰਿੰਦਾ ਗਰੋਵਰ ਦਿੱਲੀ ਪੁਲਿਸ ਦੀ ਭੂਮਿਕਾ 'ਤੇ ਸਵਾਲ ਚੁੱਕ ਰਹੀ ਹੈ। ਉਨ੍ਹਾਂ ਨੇ ਐਕਸ 'ਤੇ ਪੋਸਟ ਵਿਚ ਲਿਖਿਆ ਹੈ, ਭਾਰਤ ਦੇ ਲੋਕ ਸ਼ਾਂਤੀਪੂਰਨ ਪ੍ਰਦਰਸ਼ਨ ਲਈ ਜੰਤਰ ਮੰਤਰ ਨਹੀਂ ਜਾ ਸਕਦੇ। ਵਿਰੋਧੀ ਨੇਤਾ ਭਾਰਤ ਦੇ ਚੋਣ ਕਮਿਸ਼ਨ ਤੱਕ ਨਹੀਂ ਜਾ ਸਕਦੇ। ਦੁਨੀਆਂ ਮੋਦੀ-ਸ਼ਾਹ ਦੇ ਲੋਕਤੰਤਰ ਨੂੰ ਜਨਮ ਦੇਣ ਵਾਲੇ ਦੇ ਵਿਚਾਰ ਨੂੰ ਦੇਖ ਰਹੀ ਹੈ। ਅਸੀਂ, ਭਾਰਤ ਦੇ ਲੋਕ ਆਪਣੇ ਲੋਕਤੰਤਰ ਨੂੰ ਮੁੜ ਹਾਸਿਲ ਕਰਾਂਗੇ। ਮੋਦੀ ਸਰਕਾਰ ਵਿੱਚ ਮੰਤਰੀ ਰਹੇ ਅਤੇ ਸਾਬਕਾ ਗ੍ਰਹਿ ਸਕੱਤਰ ਆਰ.ਕੇ ਸਿੰਘ ਨੇ ਵੀ ਦਿੱਲੀ ਪੁਲਿਸ ਦੀ ਭੂਮਿਕਾ 'ਤੇ ਸਵਾਲ ਚੁੱਕਿਆ ਹੈ। ਆਰ.ਕੇ ਸਿੰਘ ਨੇ ਲਿਖਿਆ ਹੈ, ÷ਭਾਰਤ ਦੇ ਨਾਗਰਿਕਾਂ ਨੂੰ ਸੰਵਿਧਾਨ ਦੇ ਸੈਕਸ਼ਨ 19 ਤਹਿਤ ਸ਼ਾਂਤੀਪੂਰਵਕ ਅਤੇ ਬਿਨ੍ਹਾਂ ਹਥਿਆਰਾਂ ਤੋਂ ਇਕੱਠੇ ਹੋਣ ਦਾ ਮੌਲਿਕ ਅਧਿਕਾਰ ਪ੍ਰਾਪਤ ਹੈ। ਅਜਿਹੇ ਵਿਚ ਦਿੱਲੀ ਦੇ ਪੁਲਿਸ ਕਮਿਸ਼ਨਰ ਜੰਤਰ-ਮੰਤਰ 'ਤੇ ਪ੍ਰਦਰਸ਼ਨ ਨੂੰ ਕਿਵੇਂ ਰੋਕ ਸਕਦੇ ਹਨ ? ਪੁਲਿਸ ਮੈਨੁਅਲ ਤਹਿਤ ਪੁਲਿਸ ਨੂੰ ਸਭਾਵਾਂ ਅਤੇ ਜਲੂਸਾਂ ਨੂੰ ਕੰਟਰੋਲ ਕਰਨ ਦਾ ਅਧਿਕਾਰ ਹੈ ਪਰ ਇਸ ਦਾ ਇਹ ਅਰਥ ਨਹੀਂ ਹੋ ਸਕਦਾ ਕਿ ਲੋਕਾਂ ਦੇ ਇਕੱਠੇ ਹੋਣ ਜਾਂ ਪ੍ਰਦਰਸ਼ਨ ਕਰਨ 'ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਜਾਵੇ। ਅਜਿਹਾ ਕਰਨਾ ਸੰਵਿਧਾਨ ਦੀ ਉਲੰਘਣਾ ਹੋਵੇਗੀ। ਪੁਲਿਸ ਕਮਿਸ਼ਨਰ ਇਹ ਤਰਕ ਵੀ ਨਹੀਂ ਦੇ ਸਕਦੇ ਕਿ ਜੰਤਰ ਮੰਤਰ 'ਤੇ ਪ੍ਰਦਰਸ਼ਨ ਨਾਲ ਲੋਕਾਂ ਨੂੰ ਅਸੁਵਿਧਾ ਹੋਵੇਗ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375

Website: www.preetnama.com Email preetnamausa@gmail.com

16 OCT TO 22 OCT, 2026



Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375

Website: www.preetnama.com Email preetnamausa@gmail.com

16 OCT TO 22 OCT, 2026

No body have time to watch TV Advertisement
No body have time to read Physical newspapers

It's social time.

Online News, Advertisement, Promotion Anytime anywhere.

Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.

Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

ਮੈਡ ਸੰਧੂ ਤੋਂ 'ਕਮਲ ਕੌਰ ਭਾਬੀ' ਤੱਕ: ਪੰਜਾਬ 'ਚ ਇਨਫਲੂਐਂਸਰਾਂ ਦਾ ਕਤਲ ਅਤੇ 'ਮੋਰਲ ਪੁਲਿਸਿੰਗ' ਦੀ ਕਹਾਣੀ ਕੀ ਹੈ



ਅੰਮ੍ਰਿਤਸਰ ਵਿੱਚ ਇਨਫਲੂਐਂਸਰ, ਮੇਕਅੱਪ ਆਰਟਿਸਟ ਅਤੇ ਪੰਜਾਬੀ ਅਦਾਕਾਰ ਮੈਡ ਸੰਧੂ ਨੂੰ ਸ਼ਨੀਵਾਰ ਦੇਰ ਸ਼ਾਮ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਪੁਲਿਸ ਮੁਤਾਬਕ ਸੰਧੂ ਨੂੰ ਗੋਲੀਆਂ ਲੱਗਣ ਤੋਂ ਬਾਅਦ ਹਸਪਤਾਲ ਲਿਜਾਇਆ ਗਿਆ ਪਰ ਉਹਨਾਂ ਦੀ ਮੌਤ ਹੋ ਗਈ। ਐੱਲਜੀਬੀਟੀਕਿਊ ਭਾਈਚਾਰੇ ਨਾਲ ਸਬੰਧਤ ਅਤੇ ਇੰਸਟਾਗ੍ਰਾਮ 'ਤੇ 2 ਲੱਖ ਤੋਂ ਵੱਧ ਫੌਲੋਅਰਜ਼ ਵਾਲੇ ਮੈਡ ਸੰਧੂ ਦਾ ਕਤਲ ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ 'ਕਮਲ ਕੌਰ ਭਾਬੀ' ਦੇ ਕਤਲ ਤੋਂ ਬਾਅਦ ਪੰਜਾਬ ਵਿੱਚ ਵੱਡਾ ਮੁੱਦਾ ਬਣਿਆ ਹੈ।

ਜੂਨ 2025 ਵਿੱਚ ਕਮਲ ਕੌਰ ਦੀ ਲਾਸ਼ ਬਠਿੰਡਾ ਦੇ ਭੁੱਚੋ ਹਲਕੇ ਵਿੱਚ ਪੈਂਦੇ ਆਦੇਸ਼ ਹਸਪਤਾਲ ਦੀ ਪਾਰਕਿੰਗ ਵਿੱਚ ਖੜ੍ਹੀ ਇੱਕ ਕਾਰ ਵਿੱਚੋਂ ਮਿਲੀ ਸੀ। ਬਠਿੰਡਾ ਪੁਲਿਸ ਨੇ ਕਤਲ ਦਾ ਉਦੇਸ਼ 'ਮੋਰਲ ਪੁਲਿਸਿੰਗ' ਦੱਸਿਆ ਸੀ। ਮਧੁਸੂਦਨ ਸੰਧੂ ਉਰਫ਼ ਮੈਡ ਸੰਧੂ ਦੇ ਕਤਲ ਨੂੰ ਪੰਜਾਬ ਵਿੱਚ ਵਿਰੋਧੀ ਪਾਰਟੀਆਂ ਕਾਨੂੰਨ ਵਿਵਸਥਾ ਦਾ ਮੁੱਦਾ ਦੱਸ ਕੇ ਸਵਾਲ ਚੁੱਕ ਰਹੀਆਂ ਹਨ, ਪਰ ਐੱਲਜੀਬੀਟੀਕਿਊ ਭਾਈਚਾਰੇ ਦੇ ਲੋਕ ਅਤੇ ਸਮਾਜਕ ਕਾਰਕੁਨ ਇਹਨਾਂ ਹਮਲਿਆਂ ਨੂੰ 'ਪਛਾਣ' ਦੇ ਮਸਲੇ, 'ਮੋਰਲ ਪੁਲਿਸਿੰਗ' ਅਤੇ 'ਖ਼ਤਰਨਾਕ ਸੋਚ' ਨਾਲ ਜੋੜ ਕੇ ਦੇਖ ਰਹੇ ਹਨ। ਦੂਜੇ ਪਾਸੇ ਅੰਮ੍ਰਿਤਸਰ ਕਮਿਸ਼ਨਰੇਟ ਦੇ ਡੀਸੀਪੀ (ਜਾਂਚ) ਪ੍ਰਭਜੋਤ ਸਿੰਘ ਵਿਰਕ ਨੇ ਸਮਾਚਾਰ ਏਜੰਸੀ ਏਐੱਨਆਈ ਕਿਹਾ, ÷ਸੋਸ਼ਲ ਮੀਡੀਆ ਇਨਫਲੂਐਂਸਰ ਮੈਡ ਸੰਧੂ ਦੀ ਲੁਹਾਰਕਾ ਰੋਡ 'ਤੇ ਦੋ ਗੋਲ਼ੀਆਂ ਲੱਗਣ ਨਾਲ ਮੌਤ ਹੋ ਗਈ। ਜਾਂਚ ਅਜੇ ਸ਼ੁਰੂਆਤੀ ਦੌਰ ਵਿੱਚ ਹੈ। ਫਿਲਹਾਲ ਅਸੀਂ ਇੰਨਾ ਹੀ ਕਹਿ ਸਕਦੇ ਹਾਂ ਕਿ ਸਾਨੂੰ ਕੁਝ ਸੁਰਾਗ ਮਿਲੇ ਹਨ ਅਤੇ ਅਸੀਂ ਜਲਦ ਹੀ ਇਸ ਮਾਮਲੇ ਨੂੰ ਸੁਲਝਾ ਲਵਾਂਗੇ।"

'ਕਮਲ ਕੌਰ ਭਾਬੀ' ਕੌਣ ਸੀ ?

30 ਸਾਲਾ ਕਮਲ ਕੌਰ ਦਾ ਅਸਲੀ ਨਾਮ ਕੰਚਨ ਕੁਮਾਰੀ ਸੀ ਅਤੇ ਉਹ ਸੋਸ਼ਲ ਮੀਡੀਆ ਉੱਤੇ 'ਕਮਲ ਕੌਰ ਭਾਬੀ' ਨਾਲ ਜਾਣੀ ਜਾਂਦੀ ਸੀ। ਉਸ ਦੇ ਇੰਸਟਾਗ੍ਰਾਮ 'ਤੇ 4 ਲੱਖ ਤੋਂ ਵੱਧ ਫੌਲੋਅਰਜ਼ ਸਨ। ਪੁਲਿਸ ਨੇ ਇਸ ਮਾਮਲੇ ਵਿੱਚ ਸਿੱਖ ਕਾਰਕੁਨ ਅੰਮ੍ਰਿਤਪਾਲ ਸਿੰਘ ਮਹਿਰੋਂ ਸਣੇ ਤਿੰਨ ਗ੍ਰਿਫ਼ਤਾਰੀਆਂ ਕੀਤੀਆਂ ਸਨ। ਮਹਿਰੋਂ ਅਕਸਰ ਸੋਸ਼ਲ ਮੀਡੀਆ ਉੱਤੇ ਕਥਿਤ ਲੱਚਰ ਜਾਂ ਦੋਹਰੇ ਮਤਲਬ ਵਾਲੀਆਂ ਵੀਡੀਓਜ਼ ਪਾਉਣ ਵਾਲਿਆਂ ਦੀ ਆਲੋਚਨਾ ਕਰਦਾ ਸੀ। ਅੰਮ੍ਰਿਤਪਾਲ ਮਹਿਰੋਂ ਨੇ ਕਮਲ ਕੌਰ ਦੇ ਕਤਲ ਤੋਂ ਬਾਅਦ ਦੋ ਵੀਡੀਓਜ਼ ਪਾ ਕੇ ਇਸ ਕਤਲ ਨੂੰ ਜਾਇਜ਼ ਠਹਿਰਾਇਆ ਸੀ ਅਤੇ ਕੋਈ ਹੋਰਾਂ ਨੂੰ ਧਮਕੀਆਂ ਦਿੱਤੀਆਂ ਸਨ। ਪੁਲਿਸ ਨੇ ਜਲਦ ਹੀ ਅੰਮ੍ਰਿਤਪਾਲ ਸਿੰਘ ਮਹਿਰੋਂ ਦੇ ਦੋ ਸਾਥੀ ਇਸ ਮਾਮਲੇ ਵਿੱਚ ਗ੍ਰਿਫ਼ਤਾਰ ਕਰ ਲਏ ਸਨ, ਜਦਕਿ ਅੰਮ੍ਰਿਤਪਾਲ ਸਿੰਘ ਮਹਿਰੋਂ ਵਿਦੇਸ਼ ਭੱਜ ਗਿਆ ਸੀ ਜਿਸ ਦੀ ਬਾਅਦ ਵਿੱਚ ਅਪ੍ਰੈਲ 2026 ਵਿੱਚ ਪੁਲਿਸ ਨੇ ਹਵਾਲਗੀ ਕਰਵਾਈ ਸੀ। ਇਹ ਗ੍ਰਿਫ਼ਤਾਰੀ ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਵੱਲੋਂ ਇਸ ਦੇ 'ਓਫਟੈਕ' (OFTEC – ਵਿਦੇਸ਼ੀ ਭਗੌੜਿਆਂ ਦਾ ਪਤਾ ਲਗਾਉਣ ਅਤੇ ਹਵਾਲਗੀ ਸੈੱਲ) ਰਾਹੀਂ ਕੀਤੀ ਗਈ।

'ਕਿਸ-ਕਿਸ ਨੂੰ ਮਾਰੋਗੇ'

ਪੰਜਾਬ ਵਿੱਚ ਬੁੱਧੀਜੀਵੀ ਵਰਗ ਅਤੇ ਐੱਲਜੀਬੀਟੀਕਿਊ ਭਾਈਚਾਰੇ ਦੇ ਹੱਕਾਂ ਦੀ ਵਕਾਲਤ ਕਰਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਕੁਦਰਤ ਨੇ ਵੱਖ-ਵੱਖ ਤਰ੍ਹਾਂ ਨਾਲ ਮਨੁੱਖਾਂ ਅਤੇ ਜੀਵਾਂ ਦੀ ਸਿਰਜਣਾ ਕੀਤੀ ਹੈ। ਉਹਨਾਂ ਦਾ ਕਹਿਣਾ ਹੈ ਕਿ ਵੀਡੀਓ ਬਣਾਉਣ ਨੂੰ ਅਸ਼ਲੀਲਤਾ ਨਾਲ ਜੋੜ ਕੇ ਜਾਂ ਐੱਲਜੀਬੀਟੀਕਿਊ ਦੇ ਪਸਾਰ ਦਾ ਡਰ ਦਿਖਾ ਕੇ ਲੋਕਾਂ ਦਾ ਕਤਲ ਨਹੀਂ ਕੀਤਾ ਜਾ ਸਕਦਾ। ਪੰਜਾਬ ਵਿੱਚ ਕਈ ਵਾਰ ਇਨਫਲੂਐਂਸਰਾਂ ਨੂੰ ਡਰਾ ਕੇ ਜਾਂ ਕੁੱਟ ਕੇ ਮੁਆਫੀਆਂ ਮੰਗਵਾਉਣ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ ਹਨ। 'ਪੰਜਾਬ: ਜਰਨੀਜ਼ ਥਰੂ ਫਾਲਟ ਲਾਈਨਜ਼' ਅਤੇ 'ਰੋਲ ਆਫ਼ ਆਨਰ' ਵਰਗੀਆਂ ਕਿਤਾਬਾਂ ਵਿੱਚ ਲੇਖਕ ਅਮਨਦੀਪ ਸੰਧੂ ਨੇ ਪੰਜਾਬ ਦੇ ਇਤਿਹਾਸ, ਸਮਾਜ, ਸੱਭਿਆਚਾਰ ਅਤੇ ਬਦਲਦੇ ਸਮਾਜਿਕ ਹਾਲਾਤਾਂ ਨੂੰ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕੀਤਾ ਹੈ। ਮੈਡ ਸੰਧੂ ਅਤੇ ਕਮਲ ਕੌਰ ਦੇ ਕਤਲ ਬਾਰੇ ਸੰਧੂ ਕਹਿੰਦੇ ਹਨ, ਦੋਵੇਂ ਕੇਸ ਮੋਰਲ ਪੁਲਿਸਿੰਗ' ਨਾਲ ਜੁੜੇ ਹਨ ਪਰ ਕਿਸੇ ਨੂੰ ਵੀ ਦੂਜੇ ਇਨਸਾਨ ਨੂੰ ਮਾਰਨ ਦਾ ਹੱਕ ਨਹੀਂ ਹੈ ਅਤੇ ਨਾ ਹੀ ਆਪਣੇ ਵਿਚਾਰ ਥੋਪਣ ਦਾ ਹੱਕ ਹੈ।

ਸੰਧੂ ਮੁਤਾਬਕ, ਜੇਕਰ ਕੋਈ ਇਨਫਲੂਐਂਸ ਕਰ ਰਿਹਾ ਹੈ ਤਾਂ ਤੁਸੀਂ ਵੀ ਇਨਫਲੂਐਂਸ ਕਰੋ, ਪਰ ਤੁਸੀਂ ਤਾਕਤ ਕਿਉਂ ਦਿਖਾ ਰਹੇ ਹੋ ? ਗਰਮ ਸਿਆਸਤ ਵਿੱਚ ਵੀ ਇਹ ਪੱਖ ਗਲਤ ਹੁੰਦਾ ਹੈ, ਜਦੋਂ ਕੋਈ ਤਰਕ ਦਾ ਤਰਕ ਨਾਲ ਜਵਾਬ ਨਾ ਦੇ ਕੇ ਗੋਲੀ ਨਾਲ ਦਿੰਦਾ ਹੈ।

ਮੈਡ ਸੰਧੂ ਦੇ ਕਤਲ ਬਾਰੇ ਉਹ ਕਹਿੰਦੇ ਹਨ, ÷ਇਹ ਕਤਲ ਪੂਰੀ ਤਰ੍ਹਾਂ ਗਲਤ ਹੈ, ਉਹ ਸਿਰਫ਼ ਇੱਕ ਆਮ ਗੇਅ ਮੁੰਡਾ ਸੀ। ਗੇਅ ਹੋਣ ਵਿੱਚ ਕੀ ਗਲਤ ਹੈ ? ਇਹ ਨਿਰਧਾਰਤ ਕਰਨ ਵਾਲਾ ਕੋਈ ਦੂਜਾ ਬੰਦਾ ਕੌਣ ਹੁੰਦਾ ਹੈ ਕਿ ਕੀ ਕੁਦਰਤੀ ਹੈ ਅਤੇ ਕੀ ਗੈਰ-ਕੁਦਰਤੀ। ਸਭ ਲੋਕ ਬਰਾਬਾਰ ਹਨ ਅਤੇ ਕੁਦਰਤ ਨੇ ਵੱਖ-ਵੱਖ ਤਰ੍ਹਾਂ ਦੇ ਲੋਕ ਬਣਾਏ ਹਨ। ਉਹ ਕਹਿੰਦੇ ਹਨ, ÷ਸਮਾਜ ਨੂੰ ਅਸਲ ਵਿੱਚ ਕੌਣ ਖਰਾਬ ਕਰ ਰਿਹਾ ਹੈ ? ਸਮਾਜ ਨੂੰ ਨਸ਼ਾ ਵੇਚਣ ਵਾਲੇ ਜਾਂ ਵਾਅਦੇ ਕਰਕੇ ਮੁਕਰਨ ਵਾਲੇ ਸਿਆਸਤਦਾਨ ਜਾਂ ਗੈਂਗਸਟਰ ? ਅਸਲ ਵਿੱਚ ਸਾਰੀ ਭੜਾਸ ਅਤੇ ਗੁੱਸਾ ਸਿਰਫ਼ ਕਮਜ਼ੋਰ ਲੋਕਾਂ 'ਤੇ ਨਿਕਲ ਜਾਂਦਾ ਹੈ। ਮਨੂ ਮੋਦਗਿਲ ਐੱਲਜੀਬੀਟੀਕਿਊ ਭਾਈਚਾਰੇ ਦੇ ਹੱਕਾਂ ਦੀ ਵਕਾਲਤ ਕਰਦੇ ਹਨ।

ਮੈਡ ਸੰਧੂ ਕਿਸ ਤਰ੍ਹਾਂ ਦਾ ਕੰਟੈਂਟ ਬਣਾਉਂਦੇ ਸਨ ?

ਮੈਡ ਸੰਧੂ ਸੋਸ਼ਲ ਮੀਡੀਆ 'ਤੇ ਇਨਫਲੂਐਂਸਰ ਸਨ ਅਤੇ ਸਲੂਨ ਵੀ ਚਲਾਉਂਦੇ ਸਨ। ਉਹ ਪੰਜਾਬੀ ਗਾਣਿਆਂ 'ਤੇ ਵੀਡੀਓ ਬਣਾਉਂਦੇ ਸਨ ਅਤੇ ਮੇਕਅੱਪ ਨਾਲ ਜੁੜੀਆਂ ਵੀਡੀਓ ਵੀ ਪਾਉਂਦੇ ਸਨ। ਸੰਧੂ ਨੇ ਪੰਜਾਬੀ ਫ਼?ਲਮ 'ਓਏ ਭੋਲੇ ਓਏ' ਵਿੱਚ ਅਦਾਕਾਰੀ ਵੀ ਕੀਤੀ ਸੀ। ਪੰਜਾਬ ਵਿੱਚ ਪਿਛਲੇ ਸਮੇਂ ਹੜ੍ਹਾਂ ਮੌਕੇ ਵੀ ਉਹ ਲੋਕਾਂ ਦੀ ਮਦਦ ਕਰਦੇ ਨਜ਼ਰ ਆਏ ਸਨ। ਉਹ ਐੱਲਜੀਬੀਟੀਕਿਊ ਭਾਈਚਾਰੇ ਨਾਲ ਸਬੰਧਤ ਸਨ ਅਤੇ ਖੁੱਲ੍ਹ ਕੇ ਇਸ ਬਾਰੇ ਗੱਲ ਕਰਦੇ ਸਨ। ਉਨ੍ਹਾਂ ਨੇ ਕਈ ਇੰਟਰਵਿਊਜ਼ ਵਿੱਚ ਇਸ ਬਾਰੇ ਗੱਲ ਕੀਤੀ ਹੈ ਕਿ ਉਨ੍ਹਾਂ ਨੂੰ ਕੀ-ਕੀ ਮੁਸ਼ਕਿਲਾਂ ਆਈਆਂ ਤੇ ਕਿਵੇਂ ਲੋਕਾਂ ਨੇ ਉਨ੍ਹਾਂ ਨੂੰ ਬਹੁਤ ਪਿਆਰ ਦਿੱਤਾ। ਕੁਝ ਮਹੀਨੇ ਪਹਿਲਾਂ ਇੱਕ ਵੀਡ ?ਿਓ ਵਾਇਰਲ ਹੋਈ ਸੀ ਜਿਸ ਵਿੱਚ ਇੱਕ ਸ਼ਖ਼ਸ ਮੈਡ ਸੰਧੂ ਨੂੰ ਧਮਕੀ ਦਿੰਦੇ ਨਜ਼ਰ ਆਉਂਦਾ ਹੈ ਅਤੇ ਮਿਲਣ ਦੀ ਗੱਲ ਕਰਦਾ ਹੈ। ਐੱਲਜੀਬੀਟੀਕਿਊ ਭਾਈਚਾਰੇ ਬਾਰੇ ਉਹ ਆਪਣੇ ਵਿਚਾਰ ਵੀ ਖੁੱਲ੍ਹ ਕੇ ਰੱਖਦੇ ਰਹੇ ਹਨ। ਇੱਕ ਪੌਡਕਾਸਟ ਵਿੱਚ ਇਸ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਸੀ ਕਿ ''ਇਹ ਕੋਈ ਮਾਨਸਿਕ ਵਿਗਾੜ ਨਹੀਂ ਹੈ।'' ਉਨ੍ਹਾਂ ਕਿਹਾ ਸੀ, ''ਮੈਂ ਜੋ ਹਾਂ ਉਹੀ ਹਾਂ।''

ਮੋਦਗਿਲ ਕਹਿੰਦੇ ਹਨ, ਐੱਲਜੀਬੀਟੀਕਿਊ ਦੀ ਪਛਾਣ ਕੋਈ ਨਵੀਂ ਗੱਲ ਨਹੀਂ ਪਰ ਹੁਣ ਸਮੇਂ ਦੇ ਹਿਸਾਬ ਨਾਲ ਥੋੜ੍ਹੀ ਵਿਜ਼ਿਬਿਲਟੀ (ਜ਼ਿਆਦਾ ਦਿਖਣ ਲੱਗ ਪਿਆ) ਵੱਧ ਹੋ ਗਈ ਪਰ ਕੁਝ ਲੋਕ ਚਾਹੁੰਦੇ ਹਨ ਕਿ ਉਹ ਭਾਈਚਾਰਾ ਪਹਿਲਾਂ ਵੀ ਘੱਟ ਦਿਖਦਾ ਸੀ ਅਤੇ ਹੁਣ ਵੀ ਘੱਟ ਦਿਖਾਈ ਦੇਵੇ। ਉਹਨਾਂ ਮੁਤਾਬਕ, ÷ਘੱਟ ਦਿਖਣਾ ਬਹੁਤ ਬੁਰੀ ਤਰ੍ਹਾਂ ਮਾਨਸਿਕਤਾ ਨੂੰ ਪ੍ਰਭਾਵਿਤ ਕਰਦਾ ਹੈ। ਜੇ ਕੋਈ ਆਪਣੀ ਪਛਾਣ ਹੀ ਕਿਸੇ ਨੂੰ ਨਹੀਂ ਦੱਸ ਪਾ ਰਿਹਾ ਤਾਂ ਇਹ ਉਸ ਨੂੰ ਬਹੁਤ ਦਬਾ ਦਿੰਦਾ ਹੈ ਅਤੇ ਆਪਣੇ ਗੁਣਾਂ ਅਤੇ ਕਲ੍ਹਾ ਨੂੰ ਵੀ ਦਿਖਾਉਣ ਤੋਂ ਵਾਝਾਂ ਕਰ ਦਿੰਦਾ ਹੈ। ਕੋਈ ਕਿਸੇ ਨੂੰ ਮਾਰ ਕੇ ਕੁਦਰਤ ਨੂੰ ਨਹੀਂ ਦਬਾ ਸਕਦਾ। ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿੱਚ ਪ੍ਰੋਫੈਸਰ ਅਤੇ ਥੀਏਟਰ ਨਾਲ ਜੁੜੇ ਪਾਲੀ ਭੁਪਿੰਦਰ ਕਹਿੰਦੇ ਹਨ ਕਿ ਸੋਸ਼ਲ ਮੀਡੀਆ ਦੇ ਦੌਰ ਵਿੱਚ ਕਈ ਲੋਕ ਸਸਤੀ ਸ਼ੋਹਰਤ ਲੈਣ ਲਈ ਧਮਕੀਆਂ ਜਾਂ ਕਤਲ ਕਰ ਰਹੇ ਹਨ।

ਪ੍ਰੋਫੈਸਰ ਪਾਲੀ ਭੁਪਿੰਦਰ ਮੁਤਾਬਕ, ਮੈਡ ਸੰਧੂ ਨੇ ਆਪਣੇ ਆਪ ਨੂੰ ਸਵੀਕਾਰ ਕੀਤਾ ਅਤੇ ਆਪਣੀ ਜ਼ਿੰਦਗੀ ਜੀਅ ਰਿਹਾ ਸੀ ਪਰ ਮੋਰਲ ਪੁਲਿਸਿੰਗ ਕਰਨ ਵਾਲੇ ਲੋਕ ਕੌਣ ਹੁੰਦੇ ਹਨ ਜੋ ਦੱਸਣ ਕਿ ਕਿਸੇ ਨੇ ਕੀ ਪਾਉਣਾ ਹੈ ਅਤੇ ਕੀ ਖਾਣਾ ਹੈ ? ਉਹ ਕਹਿੰਦੇ ਹਨ, ÷ਜੋ ਕੋਈ ਆਪਣਾ ਕੰਮ ਕਾਨੂੰਨ ਦੇ ਦਾਇਰੇ ਵਿੱਚ ਰਹਿ ਕੇ ਕਰ ਰਿਹਾ ਹੈ, ਉਸ ਨੂੰ ਕੋਈ ਕਿਵੇਂ ਮਾਰ ਸਕਦਾ ਹੈ ? ਬਸ ਅਜਿਹੇ ਲੋਕ ਸਮਾਜ ਦੇ ਠੇਕੇਦਾਰ ਬਣ ਰਹੇ ਹਨ। ਕਮਲ ਕੌਰ ਵਰਗੀਆਂ ਕੁੜੀਆਂ ਆਪਣਾ ਰੁਜ਼ਗਾਰ ਕਰ ਰਹੀਆਂ ਹਨ, ਲੱਖਾਂ ਲੋਕ ਉਹਨਾਂ ਨੂੰ ਫੌਲੋ ਵੀ ਕਰ ਰਹੇ ਹਨ, ਫਿਰ ਉਹ ਕੌਣ ਹਨ, ਕੀ ਉਹ ਫੌਲੋ ਕਰਨ ਵਾਲਿਆਂ ਨੂੰ ਵੀ ਮਾਰ ਦੇਣਗੇ ? ਪਾਲੀ ਭੁਪਿੰਦਰ ਸਵਾਲ ਕਰਦੇ ਹਨ, ਇਹ ਲੋਕ ਪੰਜਾਬੀ ਦੇ ਕੰਟੈਂਟ ਨੂੰ ਰੋਕ ਲੈਣਗੇ ਪਰ ਹਿੰਦੀ ਅਤੇ ਅੰਗਰੇਜ਼ੀ ਦੇ ਕੰਟੈਂਟ ਨੂੰ ਕਿਵੇਂ ਰੋਕ ਸਕਦੇ ਹਨ ? ਉਹ ਕਿਸ-ਕਿਸ ਨੂੰ ਮਾਰਨਗੇ। ਕਮਲ ਕੌਰ ਤੋਂ ਬਾਅਦ ਹੋਰ ਕੁੜੀਆਂ ਵੀ ਆ ਰਹੀਆਂ ਹਨ। ਐੱਲਜੀਬੀਟੀਕਿਊ ਭਾਈਚਾਰੇ ਬਾਰੇ ਕਿਤਾਬ ਛਾਪਣ ਵਾਲੇ ਡਿੰਪਲ ਕਹਿੰਦੇ ਹਨ, ਸਭ ਤੋਂ ਵੱਧ ਬੋਝ ਅਕਸਰ ਉਨ੍ਹਾਂ ਲੋਕਾਂ ਨੂੰ ਝੱਲਣਾ ਪੈਂਦਾ ਹੈ ਜੋ ਰਵਾਇਤੀ ਹੱਦਾਂ ਨੂੰ ਚੁਣੌਤੀ ਦਿੰਦੇ ਹਨ। ਖ਼ਾਸ ਕਰਕੇ ਔਰਤ ਦੇ ਸਰੀਰ, ਪਹਿਰਾਵੇ ਅਤੇ ਸੈਕਸੁਐਲਿਟੀ ਨੂੰ ਸਮਾਜਿਕ ਇੱਜ਼ਤ ਨਾਲ ਜੋੜ ਕੇ ਉਸਦੀ ਆਜ਼ਾਦੀ 'ਤੇ ਨਿਗਰਾਨੀ ਰੱਖਣੀ ਪਿੱਤਰਸੱਤਾ ਦਾ ਪੁਰਾਣਾ ਤਰੀਕਾ ਹੈ।"

''ਪਰ ਇਹ ਸਿਰਫ਼ ਔਰਤਾਂ ਦਾ ਮਸਲਾ ਨਹੀਂ। ਮਰਦ ਵੀ ਜਦੋਂ ਰਵਾਇਤੀ ਮੈਸਕੁਲਿਨਿਟੀ ਤੋਂ ਵੱਖਰੇ ਦਿਸਦੇ ਹਨ ਜਾਂ ਕੋਈ ਵਿਅਕਤੀ ਆਪਣੀ ਲਿੰਗਕ ਪਛਾਣ ਨੂੰ ਰਵਾਇਤੀ ਖਾਕੇ ਤੋਂ ਬਾਹਰ ਪ੍ਰਗਟ ਕਰਦਾ ਹੈ, ਤਾਂ ਉਸ ਨੂੰ ਵੀ ਇਸੇ ਸਮਾਜਕ ਦਬਾਅ ਦਾ ਸਾਹਮਣਾ ਕਰਨਾ ਪੈਂਦਾ ਹੈ।

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ, 'ਮੇਰੇ ਕੈਂਪ ਆਫ਼ਿਸ ਵਿੱਚ ਸੀਬੀਆਈ ਰੇਡ ਕੀਤੀ ਗਈ', ਇਹ ਮਾਮਲਾ ਕੀ ਹੈ, ਸੀਬੀਆਈ ਦੀ ਕਾਰਵਾਈ ਕਿਉਂ ਹੋ ਰਹੀ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓਐੱਸਡੀ ਰਾਜਬੀਰ ਘੁੰਮਣ ਸਮੇਤ 6 ਵਿਅਕਤੀਆਂ ਖ਼ ?ਲਾਫ਼ ਸੀਬੀਆਈ ਵੱਲੋਂ ਐੱਫਆਈਆਰ ਦਰਜ ਕਰਨ ਤੋਂ ਬਾਅਦ ਅੱਜ ਪੰਜਾਬ ਵਿੱਚ ਕਈ ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ ਗਈ ਹੈ। ਸੀਬੀਆਈ ਨੇ ਇੱਕ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਇਹ ਕਾਰਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਦਰਜ ਕੀਤੇ ਗਏ ਮਾਮਲੇ ਦੀ ਜਾਂਚ ਦੇ ਤਹਿਤ ਕੀਤੀ ਜਾ ਰਹੀ ਹੈ। ਉਧਰ ਸੀਬੀਆਈ ਟੀਮ ਚੰਡੀਗੜ੍ਹ ਸਥਿਤ ਮੁੱਖ ਮੰਤਰੀ ਦੇ ਕੈਂਪ ਦਫ਼ਤਰ ਵਿੱਚ ਵੀ ਪਹੁੰਚੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ਉੱਤੇ ਟਵੀਟ ਕਰਕੇ ਇਸ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਵੱਲੋਂ ਈਡੀ ਅਤੇ ਸੀਬੀਆਈ ਦੀ ਦੁਰਵਰਤੋਂ ਦੇ ਇਲਜ਼ਾਮ ਲਾਉਂਦਿਆਂ ਭਾਜਪਾ ਨੂੰ ਘੇਰਿਆ ਗਿਆ ।ਇਸ ਬਾਰੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਅਧਿਕਾਰਤ ਐਕਸ ਹੈਂਡਲ ਤੋਂ ਪੋਸਟ ਪਾ ਕੇ ਦੱਸਿਆ ਹੈ, ÷ਭਾਜਪਾ ਵੱਲੋਂ ਪੰਜਾਬ ਦੀਆਂ ਚੋਣਾਂ ਦੀ ਤਿਆਰੀ ਸ਼ੁਰੂ, ਮੇਰੇ ਕੈਂਪ ਆਫ਼ ?ਸ ਵਿੱਚ ਸੀਬੀਆਈ ਰੇਡ ਕੀਤੀ ਗਈ ਹੈ। ਹੁਣ ਪੰਜਾਬ ਵਿੱਚ ਈਡੀ ਤੇ ਸੀਬੀਆਈ ਦੀ ਦੁਰਵਰਤੋਂ ਕੀਤੀ ਜਾਵੇਗੀ, ਤਾਂ ਕਿ ਪੰਜਾਬ ਸਰਕਾਰ ਅਤੇ ਮੈਨੂੰ ਬਦਨਾਮ ਕੀਤਾ ਜਾ ਸਕੇ। ਲੋਕਾਂ ਵੱਲੋਂ ਮਿਲਦੇ ਪਿਆਰ ਨੂੰ ਦੇਖ ਕੇ ਭਾਜਪਾ ਘਬਰਾਹਟ ਵਿੱਚ ਹੈ।

ਅਸਲ ਵਿੱਚ ਪੰਜਾਬ ਸਰਕਾਰ ਦੇ ਉੱਚ ਅਧਿਕਾਰੀਆਂ 'ਤੇ ਕਥਿਤ ਤੌਰ 'ਤੇ ਪੈਸੇ ਲੈ ਕੇ ਬਦਲੀਆਂ ਕਰਨ, ਸਰਕਾਰੀ ਟੈਂਡਰਾਂ ਵਿੱਚ ਗੜਬੜੀਆਂ ਅਤੇ ਮਨਪਸੰਦ ਨੀਤੀਆਂ ਬਣਾਉਣ ਬਦਲੇ ਪੈਸੇ ਲੈਣ ਵਰਗੇ ਕਥਿਤ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਜਾਂਚ ਹੁਣ ਕੇਂਦਰੀ ਜਾਂਚ ਏਜੰਸੀ (ਸੀਬੀਆਈ) ਕਰੇਗੀ। ਉਧਰ ਸੰਗਰੂਰ ਦੇ ਪਿੰਡ ਘਰਾਚੋਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓਐੱਸਡੀ ਰਾਜਵੀਰ ਘੁੰਮਣ ਦੇ ਘਰ ਸੀਬੀਆਈ ਦੀ ਟੀਮ ਵੱਲੋਂ ਰੇਡ ਕੀਤੇ ਜਾਣ ਦੀ ਖ਼ਬਰ ਸਾਹਮਣੇ ਆਈ ਹੈ।

ਓਐੱਸਡੀ ਸਮੇਤ 6 ਖ਼ਿਲਾਫ਼ ਸੀਬੀਆਈ ਵੱਲੋਂ ਐੱਫਆਈਆਰ ਦਰਜ, 8 ਥਾਵਾਂ 'ਤੇ ਵਿੱਢੀ ਤਲਾਸ਼ੀ ਮੁਹਿੰਮ

ਪੰਜਾਬ ਦੇ ਮੁੱਖ ਮੰਤਰੀ ਦੇ ਓਐੱਸਡੀ ਰਾਜਬੀਰ ਘੁੰਮਣ ਸਮੇਤ 6 ਵਿਅਕਤੀਆਂ ਖ਼ ?ਲਾਫ਼ ਸੀਬੀਆਈ ਨੇ ਐੱਫਆਈਆਰ ਦਰਜ ਕੀਤੀ ਹੈ। ਸੀਬੀਆਈ ਮੁਤਾਬਕ ਇਹ ਕਾਰਵਾਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵੱਲੋਂ ਮਿਲੀ ਰਿਪੋਰਟ ਦੇ ਆਧਾਰ 'ਤੇ ਕੀਤੀ ਗਈ ਹੈ। ਸੀਬੀਆਈ ਨੇ ਇਲਜ਼ਾਮ ਲਗਾਇਆ ਹੈ ਕਿ ਮੁਲਜ਼ਮਾਂ ਵੱਲੋਂ ਆਰਥਿਕ ਲਾਭ ਦੇ ਬਦਲੇ ਅਧਿਕਾਰੀਆਂ, ਜਿਨ੍ਹਾਂ ਵਿੱਚ ਆਈਏਐੱਸ ਅਤੇ ਆਈਪੀਐੱਸ ਅਧਿਕਾਰੀ ਵੀ ਸ਼ਾਮਲ ਹਨ, ਦੀਆਂ ਤੈਨਾਤੀਆਂ ਨੂੰ ਪ੍ਰਭਾਵਿਤ ਕਰਨ ਅਤੇ ਪ੍ਰਬੰਧਕੀ ਮਾਮਲਿਆਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ। ਜਾਂਚ ਏਜੰਸੀ ਮੁਤਾਬਕ ਇਨ੍ਹਾਂ ਵਿੱਚ ਵਿਭਾਗੀ ਕਾਰਵਾਈਆਂ, ਨੀਤੀਆਂ ਬਣਾਉਣ, ਪ੍ਰਸ਼ਾਸਨਿਕ ਮਨਜ਼ੂਰੀਆਂ, ਟੈਂਡਰ ਦੀਆਂ ਸ਼ਰਤਾਂ, ਲਾਇਸੈਂਸਿੰਗ, ਜ਼ਮੀਨ ਦੀ ਵਰਤੋਂ ਵਿੱਚ ਤਬਦੀਲੀ, ਜਾਇਦਾਦੀ ਵਿਵਾਦਾਂ ਅਤੇ ਮਾਲ ਤੇ ਜ਼ਮੀਨ ਨਾਲ ਸਬੰਧਤ ਮਾਮਲੇ ਸ਼ਾਮਲ ਹਨ। ਸੀਬੀਆਈ ਦਾ ਇਲਜ਼ਾਮ ਹੈ ਕਿ ਕੁਝ ਸਰਕਾਰੀ ਮੁਲਾਜ਼ਮਾਂ ਨੇ ਸਰਕਾਰ ਵੱਲੋਂ ਹੁਕਮ ਜਾਂ ਨੀਤੀਆਂ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਡਰਾਫਟ ਨਿੱਜੀ ਵਿਅਕਤੀਆਂ ਤੱਕ ਪਹੁੰਚਾਏ ਅਤੇ ਮੁਹੱਈਆ ਕਰਵਾਏ।

ਸੀਬੀਆਈ ਵੱਲੋਂ ਦਰਜ ਐੱਫਆਈਆਰ ਵਿੱਚ ਮੁੱਖ ਮੰਤਰੀ ਪੰਜਾਬ ਦੇ ਓਐੱਸਡੀ ਰਾਜਬੀਰ ਘੁੰਮਣ, ਨਿਤਿਨ ਗੋਹਲ, ਜਿਤਿਨ ਗੋਹਲ ਉਰਫ਼ ਰਾਜਾ, ਰੋਮੀ ਰਾਜਾ ਮਹਾਜਨ, ਬੀਰ ਦਵਿੰਦਰ ਅਤੇ ਆਰ.ਐੱਸ. ਨਾਗਰਾ ਸਮੇਤ ਕੁਝ ਅਣਪਛਾਤੇ ਸਰਕਾਰੀ ਮੁਲਾਜ਼ਮਾਂ ਅਤੇ ਨਿੱਜੀ ਵਿਅਕਤੀਆਂ ਦੇ ਨਾਂ ਸ਼ਾਮਲ ਹਨ। ਐੱਫਆਈਆਰ ਦਰਜ ਕਰਨ ਤੋਂ ਬਾਅਦ ਸੀਬੀਆਈ ਨੇ ਚੰਡੀਗੜ੍ਹ, ਮੋਹਾਲੀ, ਗੁਰਦਾਸਪੁਰ, ਲੁਧਿਆਣਾ, ਪਟਿਆਲਾ, ਸੰਗਰੂਰ ਅਤੇ ਜਲੰਧਰ ਵਿੱਚ ਕੁੱਲ 8 ਥਾਵਾਂ 'ਤੇ ਤਲਾਸ਼ੀ ਮੁਹਿੰਮ ਚਲਾਈ। ਸੀਬੀਆਈ ਮੁਤਾਬਕ ਤਲਾਸ਼ੀ ਦੌਰਾਨ ਲੈਪਟਾਪ, ਮੋਬਾਈਲ ਫੋਨ ਅਤੇ ਕਈ ਦਸਤਾਵੇਜ਼ ਜ਼ਬਤ ਕੀਤੇ ਗਏ ਹਨ। ਜਾਂਚ ਏਜੰਸੀ ਇਨ੍ਹਾਂ ਸਾਮਾਨ ਦੀ ਜਾਂਚ ਕਰ ਰਹੀ ਹੈ ਤਾਂ ਜੋ ਰਿਸ਼ਵਤਖੋਰੀ ਅਤੇ ਕਥਿਤ ਬੇਨਿਯਮੀਆਂ ਨਾਲ ਸਬੰਧਤ ਸਬੂਤਾਂ ਦੀ ਪੜਤਾਲ ਕੀਤੀ ਜਾ ਸਕੇ। ਸੀਬੀਆਈ ਨੇ ਕਿਹਾ ਹੈ ਕਿ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਆਮ ਆਦਮੀ ਪਾਰਟੀ ਨੇ ਕੀ ਕਿਹਾ

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀ ਐਕਸ 'ਤੇ ਲਿਖਿਆ ਹੈ, ÷ਚੋਣਾਂ ਤੋਂ ਦੋ ਮਹੀਨੇ ਪਹਿਲਾਂ ਪੰਜਾਬ ਦੇ ਮੁੱਖ ਮੰਤਰੀ ਦਫ਼ਤਰ 'ਤੇ ਸੀਬੀਆਈ ਦੀ ਛਾਪੇਮਾਰੀ ਭਾਜਪਾ ਦੀ ਨਿਰਾਸ਼ਾ ਦਾ ਨਤੀਜਾ ਹੈ। ਜਦੋਂ ਤੋਂ ਕੇਂਦਰ ਵਿੱਚ ਭਾਜਪਾ ਦੀ ਸਰਕਾਰ ਸੱਤਾ ਵਿੱਚ ਆਈ ਹੈ, ਉਦੋਂ ਤੋਂ ਹੀ ਇਸ ਨੇ ਪੰਜਾਬੀਆਂ ਨਾਲ ਧੱਕੇਸ਼ਾਹੀ ਕੀਤੀ ਹੈ ਭਾਵੇਂ ਉਹ ਕਿਸਾਨ ਅੰਦੋਲਨ ਦਾ ਮਾਮਲਾ ਹੋਵੇ, ਪੰਜਾਬ ਦੇ ਪਾਣੀਆਂ ਦਾ ਮੁੱਦਾ ਹੋਵੇ ਜਾਂ ਪੰਜਾਬ ਯੂਨੀਵਰਸਿਟੀ ਦਾ ਮੁੱਦਾ ਅਤੇ ਹੁਣ ਤਾਂ ਇਹ ਪੰਜਾਬ ਦੇ ਚੁਣੇ ਹੋਏ ਮੁੱਖ ਮੰਤਰੀ ਨਾਲ ਵੀ ਧੱਕੇਸ਼ਾਹੀ ਕਰ ਰਹੀ ਹੈ। ਆਮ ਆਦਮੀ ਪਾਰਟੀ ਦੀ ਆਗੂ ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਵੀ ਆਪਣੇ ਐਕਸ 'ਤੇ ਲਿਖਿਆ ਹੈ, ÷ਚੋਣਾਂ ਨੇੜੇ ਆਉਂਦਿਆਂ ਹੀ ਭਾਜਪਾ ਨੇ ਪੰਜਾਬ ਵਿੱਚ ਕੇਂਦਰੀ ਏਜੰਸੀਆਂ ਦੀ ਸਿਆਸੀ ਵਰਤੋਂ ਦਾ ਰਾਹ ਫ਼ੜ ਲਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਜੀ ਦੇ ਕੈਂਪ ਆਫ਼ ?ਸ 'ਤੇ ਸੀਬੀਆਈ ਦੀ ਰੇਡ ਇਸੇ ਕੜੀ ਦਾ ਹਿੱਸਾ ਹੈ। ਆਉਣ ਵਾਲੇ ਦਿਨਾਂ ਵਿੱਚ ਈਡੀ ਤੇ ਸੀਬੀਆਈ ਰਾਹੀਂ ਮਾਨ ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਲੀਡਰਾਂ ਨੂੰ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਪਰ ਅਜਿਹੀਆਂ ਕਾਰਵਾਈਆਂ ਨਾਲ ਲੋਕਾਂ ਦਾ ਭਰੋਸਾ ਨਹੀਂ ਜਿੱਤਿਆ ਜਾ ਸਕਦਾ। ਪੰਜਾਬ ਦੇ ਲੋਕਾਂ ਦਾ ਪਿਆਰ ਹੀ ਭਾਜਪਾ ਦੀ ਸਭ ਤੋਂ ਵੱਡੀ ਚਿੰਤਾ ਹੈ।

ਸੀਬੀਆਈ ਦੀ ਕਾਰਵਾਈ ਉੱਤੇ ਵਿਰੋਧੀ ਧਿਰ ਕੀ ਬੋਲੀ

ਸੀਬੀਆਈ ਦੀ ਕਾਰਵਾਈ ਨੂੰ ਲੈ ਕੇ ਵਿਰੋਧੀ ਧਿਰ ਦੀ ਪ੍ਰਤੀਕਿਰਿਆ ਵੀ ਸਾਹਮਣੇ ਆਉਣੀ ਸ਼ੁਰੂ ਹੋ ਗਈ ਹੈ। ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਲਿਖਿਆ ਹੈ, ÷ਹਾਊਸ ਨੰਬਰ 50, ਭਗਵੰਤ ਮਾਨ ਦਾ ਕੈਂਪ ਦਫ਼ਤਰ ਅਤੇ ਉਹੀ ਰਿਹਾਇਸ਼, ਜਿੱਥੋਂ ਉਨ੍ਹਾਂ ਦੇ ਦਿੱਲੀ ਵਾਲੇ ਆਕਾਵਾਂ ਨੇ ਪੰਜਾਬ ਚਲਾਇਆ, ਹੁਣ ਸੀਬੀਆਈ ਦੀ ਛਾਪੇਮਾਰੀ ਦੇ ਘੇਰੇ ਵਿੱਚ ਹੈ। ਵਿਡੰਬਨਾ ਸਾਫ਼ ਨਜ਼ਰ ਆਉਂਦੀ ਹੈ, ਉਹ ਥਾਂ ਜੋ ਪੰਜਾਬ 'ਤੇ ਦਿੱਲੀ ਦੇ ਰਿਮੋਟ ਕੰਟ ?ਰੋਲ ਦਾ ਪ੍ਰਤੀਕ ਬਣ ਗਈ ਸੀ, ਹੁਣ ਸੀਬੀਆਈ ਦੀ ਜਾਂਚ ਦੇ ਘੇਰੇ ਵਿੱਚ ਹੈ। ਸੀਬੀਆਈ ਨੂੰ ਸੱਚ ਸਾਹਮਣੇ ਲਿਆਉਣਾ ਚਾਹੀਦਾ ਹੈ। ਪੰਜਾਬ ਨੂੰ ਚੋਣਾਂ ਵਿੱਚ ਸਿਆਸੀ ਲੈਣ-ਦੇਣ ਦਾ ਪ੍ਰਯੋਗਸ਼ਾਲਾ ਨਹੀਂ ਬਣਨ ਦੇਣਾ ਚਾਹੀਦਾ। ਇਸ ਤੋਂ ਇਲਾਵਾ ਭਾਜਪਾ ਆਗੂ ਸੁਨੀਲ ਜਾਖੜ ਨੇ ਆਪਣੀ ਪ੍ਰਤੀਕਿਰਿਆ ਦਿੰਦਿਆਂ ਲਿਖਿਆ, ਭਗਵੰਤ ਮਾਨ ਜੀ, ਸੀਬੀਆਈ ਮਾਣਯੋਗ ਹਾਈ ਕੋਰਟ ਦੇ ਹੁਕਮਾਂ 'ਤੇ ਆਈ ਹੈ, ਨਾ ਕਿ ਭਾਰਤ ਸਰਕਾਰ ਨੇ ਭੇਜੀ ਹੈ। ਵਿਰਲਾਪ ਬੰਦ ਕਰੋ। ਜੇਕਰ ਸੱਚੇ ਹੋ ਤਾਂ ਡਰ ਕਿਸ ਗੱਲ ਦਾ ਹੈ? ਜਾਂਚ ਦੀ ਨਿਗਰਾਨੀ ਅਦਾਲਤ ਖੁਦ ਕਰ ਰਹੀ ਹੈ। ਪਾਪਾਂ ਦਾ ਹਿਸਾਬ ਤਾਂ ਦੇਣਾ ਪਵੇਗਾ। ਪੰਜਾਬ ਦੀ ਕੀਤੀ ਲੁੱਟ ਦੀ ਪਾਈ-ਪਾਈ ਦਾ ਹਿਸਾਬ ਹੋਵੇਗਾ।

ਹਾਈ ਕੋਰਟ ਦੇ ਫ਼ੈਸਲੇ ਨੂੰ ਦਿੱਤੀ ਸੁਪਰੀਮ ਕੋਰਟ ਵਿੱਚ ਚੁਣੌਤੀ

ਇਸ ਤੋਂ ਪਹਿਲਾਂ ਸੋਮਵਾਰ ਨੂੰ ਪੰਜਾਬ ਹਰਿਆਣਾ ਹਾਈ ਕੋਰਟ ਨੇ ਐਡਵੋਕੇਟ ਨਿਖਿਲ ਸਰਾਫ ਵੱਲੋਂ ਦਾਇਰ ਕੀਤੀ ਗਈ ਪੀਆਈਐੱਲ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਇਹ ਹੁਕਮ ਸੁਣਾਇਆ ਸੀ ਅਤੇ ਮਾਮਲੇ ਦੀ ਜਾਂਚ ਸੀਬੀਆਈ ਨੂੰ ਸੌਂਪ ਦਿੱਤੀ ਹੈ। ਹਾਲਾਂਕਿ ਮੰਗਲਵਾਰ ਨੂੰ ਸਾਹਮਣੇ ਆਈ ਜਾਣਕਾਰੀ ਮੁਤਾਬਕ, ਪੰਜਾਬ ਸਰਕਾਰ ਨੇ ਹਾਈਕੋਰਟ ਦੇ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਹੈ।

ਈਡੀ ਨੇ ਚਿੱਠੀਆਂ ਵਿੱਚ ਕੀ ਕਿਹਾ ਸੀ ?

ਜਾਂਚ ਏਜੰਸੀ ਈਡੀ ਨੇ ਆਪਣੇ ਪੱਤਰ (ਜੁਲਾਈ ਮਹੀਨੇ) ਵਿੱਚ ਕਿਹਾ ਸੀ ਕਿ ਮਨੀ ਲਾਂਡਰਿੰਗ ਸਬੰਧੀ ਪਹਿਲਾਂ ਸਾਂਝੀ ਕੀਤੀ ਗਈ ਜਾਣਕਾਰੀ ਦੇ ਆਧਾਰ 'ਤੇ ਤੁਰੰਤ ਮਾਮਲਾ ਦਰਜ ਕੀਤਾ ਜਾਵੇ। ਏਜੰਸੀ ਨੇ ਚਿਤਾਵਨੀ ਦਿੱਤੀ ਸੀ ਕਿ ਪਹਿਲਾ ਪੱਤਰ ਲਿਖੇ ਨੂੰ 30 ਦਿਨ ਹੋ ਗਏ ਸੀ ਜਿਸ ਕਰਕੇ ਦੇਰੀ ਕਾਰਨ ਸਬੂਤਾਂ ਨਾਲ ਛੇੜਛਾੜ ਜਾਂ ਉਨ੍ਹਾਂ ਨੂੰ ਨਸ਼ਟ ਵੀ ਕੀਤਾ ਜਾ ਸਕਦਾ ਸੀ। ਕੇਂਦਰੀ ਏਜੰਸੀ ਨੇ ਕਿਹਾ ਸੀ ਕਿ ਵਾਰ-ਵਾਰ ਲਿਖਤੀ ਸੁਨੇਹੇ ਭੇਜਣ ਦੇ ਬਾਵਜੂਦ ਪੰਜਾਬ ਪੁਲੀਸ ਵੱਲੋਂ ਮਾਮਲਾ ਦਰਜ ਨਾਂ ਕਰਨਾ ਇੱਕ ਜ਼ਰੂਰੀ ਕਾਨੂੰਨੀ ਪ੍ਰਕਿਰਿਆ ਦੀ ਉਲੰਘਣਾ ਹੈ। ਈਡੀ ਨੇ ਇਹ ਗੰਭੀਰ ਇਲਜ਼ਾਮ ਲਾਇਆ ਸੀ ਕਿ 1 ਸਤੰਬਰ ਨੂੰ ਜਦੋਂ ਏਜੰਸੀ ਦਾ ਨੁਮਾਇੰਦਾ ਜਾਂਚ ਰਿਪੋਰਟਾਂ ਹੱਥੀਂ ਸੌਂਪਣ ਗਿਆ ਤਾਂ ਪੁਲੀਸ ਅਧਿਕਾਰੀਆਂ ਨੇ ਉਸ ਦੀ ਰਸੀਦ ਤੱਕ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਈਡੀ ਨੂੰ ਇਹ ਸਾਰੇ ਦਸਤਾਵੇਜ਼ ਈਮੇਲ ਰਾਹੀਂ ਅਧਿਕਾਰਿਤ ਤੌਰ 'ਤੇ ਭੇਜਣੇ ਪਏ ਸਨ।

ਕੀ ਹੈ ਪੂਰਾ ਮਾਮਲਾ ?

ਮਾਮਲੇ ਦੀ ਸ਼ੁਰੂਆਤ ਮਈ 2026 ਵਿੱਚ ਉਸ ਸਮੇਂ ਹੋਈ, ਜਦੋਂ ਈਡੀ ਨੇ ਚੰਡੀਗੜ੍ਹ-ਮੁਹਾਲੀ ਵਿੱਚ ਕੁਝ ਕਾਰੋਬਾਰੀਆਂ 'ਤੇ ਛਾਪੇਮਾਰੀਆਂ ਕੀਤੀਆਂ ਸਨ। ਈਡੀ ਨੇ ਆਪਣੇ ਪੱਤਰ ਅਤੇ ਉਸ ਸਮੇਂ ਜਾਰੀ ਕੀਤੇ ਪ੍ਰੈਸ ਨੋਟ ਵਿੱਚ ਆਖਿਆ ਸੀ ਕਿ ਉਨ੍ਹਾਂ ਨੂੰ ਕੁਝ ਨਕਦੀ ਅਤੇ ਵਟਸਐਪ ਚੈਟਸ ਅਤੇ ਹੋਰ ਡਿਜੀਟਲ ਸਬੂਤ ਮਿਲੇ ਸਨ। ਇਸ ਤੋਂ ਬਾਅਦ ਮਾਮਲੇ ਵਿੱਚ ਮੁੱਖ ਮੰਤਰੀ ਦੇ ਓਐੱਸਡੀ ਰਾਜਬੀਰ ਸਿੰਘ ਘੁੰਮਣ ਦਾ ਨਾਮ ਵੀ ਕਥਿਤ ਤੌਰ ਉੱਤੇ ਸਾਹਮਣੇ ਆਇਆ ਸੀ। ਪਰ ਰਾਜਬੀਰ ਸਿੰਘ ਘੁੰਮਣ ਪਹਿਲਾਂ ਹੀ ਆਪਣੇ ਉੱਤੇ ਲੱਗ ਰਹੇ ਇਲਜ਼ਾਮਾਂ ਨੂੰ ਨਕਾਰ ਚੁੱਕੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਜਾਣਬੁੱਝ ਕੇ ਉਨ੍ਹਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਮੁੱਦੇ ਉੱਤੇ ਆਖਿਆ ਕਿ ਜੇਕਰ ਉਨ੍ਹਾਂ ਖ਼ ?ਲਾਫ਼ ਕਿਸੇ ਤੋਂ ਪੈਸੇ ਮੰਗਣ ਦਾ ਕੋਈ ਵੀ ਸਬੂਤ ਹੈ ਤਾਂ ਉਹ ਜਨਤਕ ਕੀਤਾ ਜਾਵੇ। 19 ਅਗਸਤ ਨੂੰ ਮੀਡੀਆ ਦੇ ਨਾਮ ਜਾਰੀ ਕੀਤੇ ਆਪਣੇ ਬਿਆਨ ਵਿੱਚ ਰਾਜਬੀਰ ਸਿੰਘ ਘੁੰਮਣ ਨੇ ਕਿਹਾ ਸੀ ਕਿ ਪੰਜਾਬ ਵਿੱਚ 'ਆਪ' ਸਰਕਾਰ ਵੱਲੋਂ ਚਾਰ ਸਾਲਾਂ ਦੌਰਾਨ ਮਿਸਾਲੀ ਕੰਮ ਕੀਤੇ ਗਏ ਹਨ ਅਤੇ ਵਿਰੋਧੀ ਧਿਰਾਂ ਕੰਮਾਂ ਦਾ ਜਵਾਬ ਦੇਣ ਵਿੱਚ ਨਾਕਾਮ ਰਹਿ ਰਹੀਆਂ ਹਨ। ਇਸੇ ਕਰਕੇ ਝੂਠੇ ਇਲਜ਼ਾਮ ਲੱਗਾ ਕੇ ਲੋਕਾਂ ਨੂੰ ਗੁਮਰਾਹ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਈਡੀ ਨੇ ਜੁਲਾਈ ਮਹੀਨੇ ਵਿੱਚ ਪਹਿਲਾ ਪੱਤਰ ਪੰਜਾਬ ਪੁਲਿਸ ਨੂੰ ਲਿਖਿਆ ਸੀ, ਜਿਸ ਵਿੱਚ ਮਾਮਲੇ ਦੇ ਸਬੰਧ ਵਿੱਚ ਐੱਫਆਈਆਰ ਦਰਜ ਕਰਨ ਦੀ ਮੰਗ ਕੀਤੀ ਗਈ ਸੀ। ਈਡੀ ਨੇ ਤਿੰਨ ਚਿੱਠੀਆਂ (ਜੁਲਾਈ ਅਤੇ ਅਗਸਤ) ਇਸ ਸਬੰਧ ਵਿੱਚ ਕਾਰਵਾਈ ਲਈ ਪੰਜਾਬ ਦੇ ਡੀਜੀਪੀ ਨੂੰ ਲਿਖੀਆਂ ਹਨ, ਜਿਸ ਵਿੱਚ ਪੀਐੱਮਐੱਲਏ ਦੀ ਧਾਰਾ 66(2) ਤਹਿਤ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਸੀ।

ਹਫਤਾਵਾਰੀ ਪ੍ਰੀਤਨਾਮਾ

Weekly Preetnama www.preetnama.com +1 (201) 312-4180

PRITPAL KAUR
Editor-In-Chief
+1 201-312-4180
+1 917-328-8436

ADVISORY BOARD

Joga Singh
****
Jaswinder Singh New Jersey
****
Mindi Manak
NewYork
****
Jagjit Singh Dasuya
****
Gurmeet Singh Dhalwan
Chicago
****
G. S Singh Punjab
****
Sujan Nag, USA
****
Dr. Jagdeep Dhimaan, India
****
Sarabjit Kaur Punjab
****
Sukhmandar Brar
(Bhagata Bhaika) Vancouver,

****
Sunil Kumar Gund
(Journalist) India
****
Raj Rani
Video editor
****
Jagmeet Kaur
97817-41631
****

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਪ੍ਰੀਤਨਾਮਾ ਵੱਲੋਂ ਲੇਖਕਾਂ ਨੂੰ ਬੇਨਤੀ ਹੈ ਕਿ ਇੱਕ ਵਾਰ ਵਿਚ ਇੱਕ ਹੀ ਲੇਖ ਭੇਜਿਆ ਜਾਵੇ ਤਾਂ ਜੋ ਚੁੱਕਵੀਂ ਜਗ੍ਹਾ 'ਤੇ ਪ੍ਰਕਾਸ਼ਿਤ ਕੀਤਾ ਜਾ ਸਕੇ।

Preetnamausa@gmail.com
www.preetnama.com

ਲੋਕਤੰਤਰ ਦੇ ਚੌਥਾ ਥੰਮ ਪੱਤਰਕਾਰੀ ਨੂੰ ਚੁਣੌਤੀਆਂ ਬਨਾਮ ਮੌਜੂਦਾ ਰਾਜ ਤੰਤਰ

ਡਾ. ਸੁਰਿੰਦਰ ਮੰਡ

Water availability and purity are also critical because chip fabrication requires large quantities of ultrapure water. Environmental management, dependable infrastructure and uninterrupted power supplies are essential for efficient operations.

Another challenge is the concentration of expertise and equipment in a relatively small number of countries and companies. India must develop specialised skills in semiconductor physics, materials science, chemical engineering, chip design and manufacturing technology.

Research and development require sustained investment rather than short-term initiatives. Universities, technical institutions and industries must work together to create specialised training programmes, research laboratories and practical learning opportunities.

India must also recognise that semiconductor self-reliance does not mean producing every component domestically from the beginning. A realistic strategy should identify areas where India can become competitive while gradually expanding its technological capabilities.

Building a Complete Semiconductor Ecosystem

The success of India's semiconductor ambitions will depend on more than establishing fabrication plants. The country needs an integrated ecosystem comprising chip designers, equipment suppliers, material manufacturers, packaging specialists, research institutions and skilled workers.

Long-term collaboration between government, industry and academia is essential. Universities should encourage semiconductor research, while companies should invest in workforce development and technological innovation.

International partnerships can provide access to expertise, equipment and global markets. At the same time, India should strengthen domestic research capabilities to avoid excessive dependence on external technologies.

Stable policies, transparent implementation, efficient infrastructure and predictable business conditions will also be important for attracting long-term investment.

Conclusion

The semiconductor revolution represents both an opportunity and a challenge for India. Success could strengthen the country's manufacturing base, create high-skilled jobs, improve technological security and support innovation across multiple sectors.

However, becoming a semiconductor powerhouse will require patience, substantial investment, scientific excellence and consistent policy support. The results cannot be achieved overnight because semiconductor capabilities develop through years of research, learning and industrial experience.

India should pursue a balanced strategy that combines chip design, fabrication, assembly, testing, advanced packaging and research. It must also invest in education and ensure that young people acquire the scientific and technical skills required by this rapidly evolving industry.

The future belongs to nations that can convert scientific knowledge into technological capability. For India, semiconductors offer an opportunity to move beyond being a major consumer of advanced technology towards becoming an important creator and manufacturer of it.

A tiny chip may power a vast digital world, but the real strength of a semiconductor nation lies in its people, research, innovation and determination. India's journey towards technological leadership will depend on how effectively it transforms these strengths into lasting capabilities.

Dr. Vijay Garg**
Retired Principal | Eminent Scientist
Street Kour Chand, MHR Malout,
Punjab – 152107
Mobile: 9465682110

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

THE SCIENCE BEHIND PLANT REPRODUCTION

The natural world is sustained by countless biological processes that ensure the continuity of life and pollination is one of the most remarkable among them. It is an essential step in the sexual reproduction of flowering plants, enabling the formation of seeds and in many species, fruits. Beyond its biological significance, pollination plays a crucial role in agriculture, biodiversity, food security and the ecological balance of our planet. Self-pollination and cross-pollination are the two principal types of pollination, each contributing to plant reproduction in distinct ways. Understanding their mechanisms and differences helps us appreciate how plants survive, adapt and evolve in a changing environment.

Pollination is the transfer of pollen grains from the anther, the male reproductive part of a flower, to the stigma, the receptive part of the female reproductive structure. After successful pollination, a compatible pollen grain may germinate on the stigma and develop a pollen tube through which male gametes reach the ovule. Fertilisation then takes place, usually resulting in the formation of a seed. In flowering plants, the ovary often develops into a fruit. The process of pollination may occur within the same flower, between different flowers on the same plant, or between flowers of different plants of the same species. These variations give rise to the two major types of pollination: self-pollination and cross-pollination.

Self-pollination occurs when pollen from the anther reaches the stigma of the same flower or another flower on the same plant. It is commonly observed in plants such as peas, rice, wheat and tomatoes, although the degree of self-pollination varies among species and varieties. In some plants, the anthers and stigma are positioned close to one another, making pollen transfer easier. Certain flowers also possess mechanisms that promote self-pollination when external pollinators are unavailable.

One of the major advantages of self-pollination is reproductive reliability. A plant can produce seeds even when pollinators are scarce or suitable neighbouring plants are absent. It also helps preserve desirable parental characteristics across generations, making it useful in the development and maintenance of pure plant lines in agriculture and plant breeding. In addition, self-pollination generally requires less dependence on external agents such as insects, wind or other animals.

However, self-pollination has limitations. Because it usually involves less genetic variation than cross-pollination, repeated selfing can increase homozygosity and expose harmful recessive traits. In some populations, this may contribute to inbreeding depression, reducing vigour, fertility or adaptability. Therefore, although self-pollination offers reproductive assurance, it may limit a population's ability to respond to new environmental challenges.

Cross-pollination takes place when pollen is transferred from a flower on one plant to a flower on another plant of the same species. This process may be facilitated by insects, birds, bats, wind or water, depending on the plant species. Bees and butterflies are familiar pollinators, while many grasses and cereal crops rely primarily on wind. In several flowering plants, floral colour, fragrance, nectar and shape have evolved to attract suitable pollinators.



The greatest biological advantage of cross-pollination is its potential to increase genetic diversity. By combining genetic material from different parent plants, it creates new combinations of inherited characteristics. Such variation provides the raw material for natural selection and can improve a population's capacity to withstand environmental changes, pests and diseases. Cross-pollination is also important in plant breeding, where breeders combine desirable traits to develop varieties with improved yield, quality, resilience or disease resistance.

Nevertheless, cross-pollination also presents challenges. It may depend on the availability of pollinators, favourable weather conditions or compatible plants flowering at the same time. The transfer of pollen can become less reliable when habitats are destroyed or pollinator populations decline. Furthermore, cross-pollination does not automatically guarantee superior offspring; the outcome depends on the genetic characteristics of the parents and the conditions in which the plants grow.

The fundamental difference between the two processes lies in the source of pollen and their usual effects on genetic variation. Self-pollination involves pollen transfer within the same flower or plant and tends to maintain established genetic characteristics. Cross-pollination involves pollen transfer between different plants of the same species and generally promotes greater genetic variation. Self-pollination offers reproductive security and can help preserve uniformity, while cross-pollination creates opportunities for new combinations of traits. Both strategies have evolved because they offer advantages under different ecological conditions. Some plants rely predominantly on one method, whereas others can use both, depending on environmental circumstances and the availability of pollinators. Neither method is universally superior; each represents an evolutionary strategy suited to particular biological needs.

The importance of pollination extends far beyond the survival of individual plants. It is directly connected with crop production, agricultural livelihoods and human nutrition. Many crops benefit substantially from animal-mediated cross-pollination, including apples, almonds, cucumbers, pumpkins and numerous other fruits, vegetables and nuts. Effective pollination can improve fruit set, seed production, fruit shape and crop quality in many such species.

At the same time, self-pollinating crops such as wheat and rice form the foundation of food security across large parts of the world. Their reproductive characteristics can make seed production more predictable, although environmental conditions and crop varieties still influence final yields. Agricultural success therefore depends on understanding the reproductive biology of individual crops rather than assuming that one form of pollination is always better.

Plant breeders use knowledge of both processes to develop improved crop varieties. Self-pollination helps establish genetically uniform lines, while controlled cross-pollination allows breeders to combine selected characteristics. Hybrid breeding, in particular, can exploit hybrid vigour in suitable crops, although its benefits vary according to the species and genetic combinations involved.

Modern agriculture and environmental change have placed increasing pressure on many pollinating organisms. Habitat loss, pesticide misuse, climate change, diseases and the decline of flowering plants can disrupt pollination networks. When pollinator populations decrease, plants that depend on them may experience reduced reproductive success, affecting wildlife, food webs and agricultural productivity.

Protecting pollination requires practical and coordinated action. Farmers can conserve field margins, plant diverse flowering species, maintain hedgerows and reduce unnecessary pesticide exposure. Communities can establish gardens with native flowers, preserve natural habitats and support environmentally responsible farming. Governments and researchers can strengthen pollinator monitoring and promote agricultural practices that protect biodiversity. It is equally important to recognise that not all pollination depends on insects. Wind-pollinated crops and plants also require suitable environmental conditions. Effective conservation must therefore consider the diverse reproductive strategies of plants and the ecological relationships that sustain them.

Self-pollination and cross-pollination demonstrate the extraordinary adaptability of flowering plants. One offers reliability and helps maintain established characteristics, while the other promotes genetic diversity and opens pathways for evolutionary change. Together, these processes sustain plant reproduction, support agriculture and contribute to the stability of natural ecosystems. In an era of climate uncertainty, biodiversity loss and growing food demand, understanding pollination is not merely an academic exercise; it is an essential part of responsible environmental stewardship. By protecting pollinators, conserving plant diversity and applying scientific knowledge to agriculture, humanity can help safeguard the natural processes on which food production and ecological health depend. Every seed formed through successful pollination is a reminder that the future of life is closely connected with the delicate relationships operating throughout the natural world.

SURINDERPAL SINGH
FACULTY IN SCIENCE DEPARTMENT
SRI AMRITSAR SAHIB
PUNJAB.

ਪੁਸਤਕ ਸਮੀਖਿਆ

ਮਾਨਵੀ ਜੀਵਨ 'ਚ ਨੈਤਿਕ ਮੁੱਲਾਂ ਦੀ ਬਾਤ ਪਾਉਂਦੀ ਪੁਸਤਕ ਨੈਤਿਕਤਾ

ਟਰਾਟਸਕੀ ਲੈਨਿਨ ਦੀ ਸਾਹਿਤ ਬਾਰੇ ਕੀਤੀ ਟਿੱਪਣੀ ਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੈ ਨੂੰ ਅੱਗੋਂ ਤੋਰਦਾ ਹੋਏ, ਸਾਹਿਤ ਸ਼ੀਸ਼ੇ ਵਿੱਚੋਂ ਸਮਾਜਿਕ ਵਿਵਸਥਾ ਦੀ ਸਥਿਤੀ ਨੂੰ ਦੇਖ ਕੇ ਉਸ ਵਿੱਚਲੇ ਚਿੱਥਾਂ ਨੂੰ ਠੀਕ ਕਰਨ ਲਈ ਇੱਕ ਹਥੌੜਾ ਵੀ ਹੈ।

ਬਲਵਿੰਦਰ ਕੌਰ ਚੱਠਾ ਵੱਲੋਂ ਸੰਪਾਦਿਤ ਪੁਸਤਕ ਨੈਤਿਕਤਾ ਕਾਲੇ ਰੰਗ ਦੀ ਕੈਨਵਸ ਉੱਤੇ ਰੰਗੀਲੇ ਫੁੱਲ ਦੀ ਤਰ੍ਹਾਂ ਹੈ।ਜਿਹੜੀ ਪਦਾਰਥਵਾਦੀ ਯੁੱਗ @ਚ ਮਨੁੱਖੀ ਹੋਂਦ ਦੇ ਖਤਰਿਆਂ ਦੀ ਸਥਿਤੀ ਨੂੰ ਸਮਝ ਕੇ, ਉਸ ਖਤਰਿਆਂ ਤੋਂ ਮੁਕਤ ਹੋਣ ਦੇ ਸੰਭਾਵੀਂ ਤੇ ਸੰਭਵ ਯਤਨਾ ਪ੍ਰਤੀ ਸੁਚੇਤ ਕਰਦੀ ਹੈ।ਅੱਜ ਮਨੁੱਖ ਸਿਰਫ਼ ਪਦਾਰਥ ਵਸਤਾਂ ਦੀ ਲਾਲਸਾ ਹਿੱਤ ਨੈਤਿਕ ਕਦਰਾਂ-ਕੀਮਤਾਂ ਤੋਂ ਮੁਨਕਰ ਹੋਇਆ ਜਾਪਦਾ ਹੈ।ਬਲਵਿੰਦਰ ਕੌਰ ਚੱਠਾ ਸਿੱਖਿਆ ਦੇ ਖੇਤਰ ਵਿੱਚ ਬਤੌਰ ਲੈਕਚਰਾਰ ਵਜੋਂ ਕਾਰਜਸ਼ੀਲ ਰਹੇ। ਪੰਜਾਬੀ ਬਿਜ਼ਨਸ ਪ੍ਰੋਫੈਸ਼ਨਲ ਐਸੋਸੀਏਸ਼ਨ ਕੇਨੈਡਾ ਦੇ ਵਾਈਸ ਪ੍ਰਧਾਨ ਹਨ , ਜੋ ਓਂਟਾਰੀਓ ਫਰੈਂਡ ਕਲੱਬ ਤੇ ਜਗਤ ਪੰਜਾਬੀ ਸਭਾ ਕੈਨੇਡਾ ਦੇ ਸਹਿਯੋਗ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਪ੍ਰਫੁੱਲਤਾ ਹਿੱਤ ਕਰਵਾਏ ਜਾਂਦੇ ਸੈਮੀਨਾਰ, ਵਿਚਾਰ ਗੋਸ਼ਟੀਆਂ, ਦਸ ਵਰਲਡ ਪੰਜਾਬੀ ਕਾਨਫ਼ਰੰਸਾਂ ਦਾ ਹਿੱਸਾ ਹੋਣ ਦੇ ਨਾਲ ਪੰਜਾਬੀ ਸਾਹਿਤ ਬਾਰੇ ਡੂੰਘੀ ਵਿਦਵਤਾ ਰੱਖਦੇ ਹਨ ।

ਇਸ ਪੁਸਤਕ ਵਿੱਚ ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਨੈਤਿਕਤਾ ਵਿਸ਼ੇ ਉੱਪਰ ਪ੍ਰਕਾਸ਼ਿਤ ਕੀਤੀਆਂ ਕਿਤਾਬਾਂ ਦੀਆਂ ਰਚਨਾਵਾਂ ਦਾ ਸੰਪਾਦਨ ਕਰਦਿਆਂ ਪੁਸਤਕ ਨੂੰ ਦੋ ਭਾਗਾਂ ਵਿੱਚ ਵੰਡਿਆ ਗਿਆ ਹੈ। ਭਾਗ ਪਹਿਲੇ @ਚ ਨੈਤਿਕਤਾ ਦੀ ਪਰਿਭਾਸ਼ਾ, ਮਹੱਤਵ, ਲੋੜ ਅਤੇ ਸਿਧਾਂਤਕ ਪੱਖਾਂ ਤੋਂ ਜਾਣੂ ਕਰਵਾਉਂਦੇ 29 ਅਧਿਆਇ ਹਨ ਅਤੇ ਦੂਜੇ ਭਾਗ ਵਿੱਚ ਨੈਤਿਕਤਾ ਦੇ ਵਿਸ਼ੇ ਨਾਲ ਸਬੰਧਿਤ 30 ਕਹਾਣੀਆਂ ਨੂੰ ਸੰਪਾਦਿਤ ਕੀਤਾ ਗਿਆ ਹੈ। ਜਿਸ @ਚ ਦੁਨੀਆਂ ਦੇ ਮਹਾਨ ਉਪਦੇਸ਼ਕਾਂ ਵੱਲੋਂ ਜੀਵਨ ਦੇ ਅਨੁਭਵ ਅਤੇ ਸਮਾਜਿਕ ਜੀਵਨ ਦੇ ਹਵਾਲਿਆਂ ਨਾਲ ਨੈਤਿਕ ਕਦਰਾਂ-ਕੀਮਤਾਂ ਦਾ ਜੀਵਨ @ਚ ਮਹੱਤਵ ਤੇ ਸ਼ਖਸ਼ੀਅਤ ਉਸਾਰੀ ਲਈ ਪ੍ਰੇਰਨਾਦਾਇਕ ਵਿਧਾਵਾਂ ਨੂੰ ਕੇਂਦਰਿਤ ਕੀਤਾ ਗਿਆ ਹੈ। ।ਇਸ ਤੋਂ ਇਲਾਵਾ ਜ਼ਿੰਦਗੀ ਜਿਉਣ ਲਈ ਕੁਝ ਹੁਨਰ ਅਤੇ ਅੰਤ ਨੈਤਿਕਤਾ ਬਾਰੇ ਕੁਝ ਸਵਾਲ ਉੱਤਰਾਂ ਸਮੇਤ ਪ੍ਰਕਾਸ਼ਿਤ ਕੀਤੇ ਗਏ ਹਨ।

ਇਸ ਪੁਸਤਕ ਦੀ ਵਿਲੱਖਣਤਾ ਭਾਸ਼ਾ ਤੇ ਸ਼ੈਲੀ ਦਾ ਬਾ-ਕਮਾਲ ਸੁਮੇਲ ਹੈ। ਕਿਉਂਕਿ ਇਹ ਪੁਸਤਕ ਹਰ ਵਰਗ ਦੇ ਪਾਠਕਾਂ ਲਈ ਰੌਚਕਤਾ ਭਰਪੂਰ ਤੇ ਜਗਿਆਸੂਆਂ ਦੀ ਪਰਖ @ਤੇ ਖਰ੍ਹੀ ਉੱਤਰਦੀ ਹੈ। ਜਿਸ ਨੂੰ ਭਾਸ਼ਾ ਪੱਖੋਂ ਹਰ ਪੱਧਰ ਦਾ ਪਾਠਕ ਪੜ੍ਹ ਸਕਦਾ ਹੈ। ਆਮ ਤੌਰ @ਤੇ ਨੈਤਿਕਤਾ ਵਜੋਂ ਧਰਮ ਦੇ ਉਪਦੇਸ਼ਾਂ ਨੂੰ ਹੀ ਪੜ੍ਹਾਇਆ ਜਾਂਦਾ ਰਿਹਾ ਹੈ। ਜੇ ਪਰਿਭਾਸ਼ਿਤ ਰੂਪ ਵਿੱਚ ਨੈਤਿਕਤਾ ਦੀ ਗੱਲ ਕੀਤੀ ਜਾਵੇ ਤਾਂ ÷ਸਵੈ-ਇੱਛਾ ਨਾਲ ਕਿਸੇ ਚੰਗੇਰੇ ਹਿੱਤ ਲਈ ਕੀਤਾ ਗਿਆ ਕਾਰਜ ਹੁੰਦਾ ਹੈ। ਇਹ ਕਾਰਜ ਦੂਸਰੇ ਲਈ ਲਾਹੇਵੰਦ ਤੇ ਕਰਨ ਵਾਲੇ ਲਈ ਨਿਰਸਵਾਰਥ ਹੁੰਦਾ ਹੈ। ਕਿਤਾਬ @ਚ ਆਮ ਬੋਲਚਾਲ ਵਿੱਚ ਵਰਤੋਂ ਹੋਣ ਵਾਲੇ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ। ਪੁਸਤਕ ਨੂੰ ਪੜ੍ਹਦਿਆਂ ਇਉਂ ਜਾਪਦਾ ਹੈ ਜਿਵੇਂ ਕੋਈ ਵਡੇਰੀ ਉਮਰ ਦਾ ਵਿਅਕਤੀ ਆਪਣੀਆਂ ਗੱਲਾਂ ਤੇ ਜੀਵਨ ਅਨੁਭਵ ਰਾਹੀਂ ਨੈਤਿਕਤਾ ਨੂੰ ਸਿਧਾਂਤਕ ਰੂਪ ਵਿੱਚ ਬਿਆਨ ਕਰਦਾ ਹੋਵੇ। ਪਿਛਲੇ ਦੋ ਵਰ੍ਹਿਆਂ ਤੋਂ ਸੰਬੰਧਿਤ ਪੁਸਤਕ ਸ਼੍ਰੀ ਗੁਰੂ ਤੇਗ ਬਹਾਦਰ ਕਾਲਜ ਅਨੰਦਪੁਰ ਸਾਹਿਬ ਦੇ ਅੰਡਰ ਗਰੈਜੂਏਟ ਪੱਧਰ ਦੇ ਵਿਦਿਆਰਥੀਆਂ ਨੂੰ ਸਿਲੇਬਸ ਵਿੱਚ ਨੈਤਿਕਤਾ ਵਿਸ਼ੇ ਵਜੋਂ ਪੜ੍ਹਾਈ ਜਾ ਰਹੀ ਹੈ।

ਨੈਤਿਕਤਾ ਦੀ ਗੱਲ ਜਗਤ ਪੰਜਾਬੀ ਸਭਾ ਕੈਨੇਡਾ ਵੱਲੋਂ ਕਰਵਾਈ ਵਰਲਡ ਪੰਜਾਬੀ ਕਾਨਫ਼ਰੰਸ 2015 ਵੇਲੇ ਪੰਜਾਬੀਆਂ @ਚ ਖਤਮ ਹੋ ਰਹੀਆਂ ਨੈਤਿਕ ਕਦਰਾਂ ਕੀਮਤਾਂ ਤੋਂ ਤੁਰਦੀ ਹੈ ਤਾਂ ਸੰਸਥਾ ਵੱਲੋਂ ਇਸ ਵਿਸ਼ੇ @ਤੇ ਚਿੰਤਾ ਜ਼ਾਹਿਰ ਕਰਦਿਆਂ ਨੈਤਿਕਤਾ ਵਿਸ਼ੇ @ਤੇ ਲਗਾਤਾਰ ਕੰਮ ਕਰਦਿਆਂ ਹੁਣ ਤੱਕ ਹਜ਼ਾਰਾਂ ਵਿਦਿਆਰਥੀਆਂ ਦੇ ਪੇਪਰ, ਸੈਮੀਨਾਰ, ਵਿਚਾਰ ਗੋਸ਼ਟੀਆਂ, ਵਰਲਡ ਪੰਜਾਬੀ ਕਾਨਫ਼ਰੰਸ ਅਤੇ ਹਥੇਲੀ ਪੁਸਤਕ ਦੇ ਅੱਠਵੇਂ ਐਡੀਸ਼ਨ ਵਜੋਂ ਹਾਜ਼ਰ ਹੈ।ਇਸ ਸਮੁੱਚੇ ਕਾਰਜ ਦਾ ਸਿਹਰਾ ਚੇਅਰਮੈਨ ਅਜੈਬ ਸਿੰਘ ਚੱਠਾ ਨੂੰ ਜਾਂਦਾ ਹੈ ਜ਼ੋ ਲਗਾਤਾਰ ਨੈਤਿਕਤਾ ਦੇ ਵਿਸ਼ੇ ਨੂੰ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਲਾਜ਼ਮੀ ਵਿਸ਼ੇ ਵਜੋਂ ਲਾਗੂ ਕਰਵਾਉਣ ਲਈ ਯਤਨਸ਼ੀਲ ਹਨ।ਇਸ ਪੁਸਤਕ ਦੀ ਭੂਮਿਕਾ ਵਿੱਚ ਨੈਤਿਕਤਾ ਦੀ ਮਹੱਤਤਾ ਬਾਰੇ ਲਿਖਦੇ ਹਨ:- ਕਿ ਪੁਰਾਤਨ ਸਮੇਂ @ਚ ਨੈਤਿਕ ਮੁੱਲਾਂ ਬਾਰੇ ਲੋਕ ਆਪਣੇ ਸਾਂਝੀ ਪਰਿਵਾਰਾਂ ਵਿੱਚੋਂ ਸਿਖਲਾਈ ਲੈ ਲੈਂਦੇ ਸਨ। ਦੂਸਰਾ ਅਧਿਆਪਕਾਂ ਕੋਲ ਵੀ ਸਿਲੇਬਸ ਪੜ੍ਹਾਉਣ ਤੋਂ ਬਿਨ੍ਹਾਂ ਸਮਾਂ ਹੁੰਦਾ ਸੀ ਉਹ ਵੀ ਚੰਗੇ ਕੰਮਾਂ ਦੀਆਂ ਕਹਾਣੀਆਂ ਦੇ ਹਵਾਲੇ ਨਾਲ ਪ੍ਰੇਰਿਤ ਕਰ ਦਿੰਦੇ ਸਨ ਤੀਸਰਾ ਸਮਾਜ ਦੇ ਬੰਦੇ ਵੀ ਸਹੀ ਕੰਮ ਕਰਨ ਵਾਲੇ ਨੂੰ ਘੂਰ ਕੇ ਸਮਝਾਉਂਦੇ ਰਹਿੰਦੇ ਸਨ ਪਰ ਹੁਣ ਸਾਂਝੇ ਪਰਿਵਾਰ ਖ਼ਤਮ ਹੋ ਚੁੱਕੇ ਹਨ ।ਹੁਣ ਅਧਿਆਪਕਾਂ ਦੇ ਕੋਲ ਨੈਤਿਕ ਸਿੱਖਿਆ ਦੇਣ ਲਈ ਸਮਾਂ ਨਹੀਂ ਹੈ, ਸਿਲੇਬਸ ਵੀ ਜ਼ਿਆਦਾ ਹਨ ।ਜਿਸ ਨੂੰ ਅਧਿਆਪਕ ਬੜੀ ਮੁਸ਼ਕਿਲ ਨਾਲ ਪੂਰਾ ਕਰਦੇ ਹਨ ਹੁਣ ਇਨਸਾਨ ਕਿਸੇ ਦੂਸਰੇ ਦੀ ਜ਼ਿੰਦਗੀ ਵਿੱਚ ਦਾਖ਼ਲ ਨਹੀਂ ਦੇ ਸਕਦਾ ਇਸ ਲਈ ਹੁਣ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਤੇ ਸਮਾਜਿਕ ਪੱਧਰ @ਤੇ ਨੈਤਿਕ ਸਿੱਖਿਆ ਤੋਂ ਜਾਣੂ ਕਰਾਉਣਾ ਲਾਜ਼ਮੀ ਹੈ। ਅਸੀਂ ਬੱਚਿਆਂ ਨੂੰ ਪੈਸੇ ਕਮਾਉਣ ਵਾਲੀਆਂ ਮਸ਼ੀਨਾਂ ਨਹੀਂ ਸਗੋਂ ਵਧੀਆ ਇਨਸਾਨ ਬਣਾਉਣਾ ਹੈ। ਨੈਤਿਕ ਸਿੱਖਿਆ ਤੋਂ ਬਿਨ੍ਹਾਂ ਬਣਿਆ ਅਧਿਆਪਕ, ਡਾਕਟਰ, ਇੰਜੀਨੀਅਰ ਤੇ ਜੱਜ ਆਦਿ ਸਮਾਜ ਦਾ ਨੁਕਸਾਨ ਹੀ ਕਰੇਗਾ।

ਪੁਸਤਕ ਨੈਤਿਕਤਾ ਦੁਨੀਆਂ ਦੀ ਪਹਿਲੀ ਅਜਿਹੀ ਪੁਸਤਕ ਹੈ। ਜਿਸ ਵਿੱਚ ਨਰੋਲ ਰੂਪ ਵਿੱਚ ਨੈਤਿਕਤਾ ਦੀ ਪਰਿਭਾਸ਼ਾ, ਸ਼ੈਣੀ, ਮਹੱਤਵ ਤੇ ਮਨੁੱਖੀ ਜੀਵਨ ਵਿੱਚ ਨੈਤਿਕਤਾ ਦੀ ਭੂਮਿਕਾ ਦੀ ਗੱਲ ਕੀਤੀ ਗਈ ਹੈ ।ਇਸ ਪੁਸਤਕ ਦਾ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਵਿੱਚ ਅਨੁਵਾਦ ਵੀ ਪ੍ਰਕਾਸ਼ਿਤ ਹੋ ਚੁੱਕਾ ਹੈ ਅਤੇ ਸ਼ਾਹਮੁਖੀ ਤੇ ਫਰੈਂਚ ਭਾਸ਼ਾ ਵਿੱਚ ਅਨੁਵਾਦ ਦਾ ਕਾਰਜ ਵੀ ਬੜੀ ਜਲਦੀ ਹੀ ਪ੍ਰਕਾਸ਼ਿਤ ਹੋਵੇਗਾ ਤਾਂ ਜ਼ੋ ਵਿਸ਼ਵ ਪੱਧਰ @ਤੇ ਹਰ ਮਨੁੱਖ ਨੈਤਿਕਤਾ ਗੁਣਾਂ ਦਾ ਧਾਰਨੀ ਬਣ ਸਕੇ।

ਬਲਵਿੰਦਰ ਕੌਰ ਚੱਠਾ ਦੁਬਾਰਾ ਸੰਪਾਦਿਤ ਪੁਸਤਕ ਸਿਧਾਂਤਕ ਤੌਰ ਤੇ ਲਾਹੇਵੰਦ ਹੋਣ ਤੋਂ ਇਲਾਵਾ ਸਮਾਜਿਕ ਉਦਾਹਰਨਾਂ ਨਾਲ ਲਬਰੇਜ਼ ਮਾਨਵੀ ਜੀਵਨ ਵਿੱਚ ਨੈਤਿਕ ਮੁੱਲਾਂ ਦੀ ਸਥਾਪਤੀ ਲਈ ਕਾਰਗਰ ਸਾਬਿਤ ਹੋਵੇਗੀ।ਸਾਹਿਤ ਜਗਤ ਵਿੱਚ ਸਵਾਗਤ ਤੇ ਸ਼ੁਭਕਾਮਨਾਵਾਂ ....

ਪੁਸਤਕ ਦਾ ਨਾਂ: ਨੈਤਿਕਤਾ , ਸੰਪਾਦਕ: ਬਲਵਿੰਦਰ ਕੌਰ ਚੱਠਾ, ਮੁੱਲ: 225 ਰੁਪਏ, ਪੰਨੇ: 148, ਪ੍ਰਕਾਸ਼ਕ: ਅਸੀਮ ਪਬਲੀਕੇਸ਼ਨ, ਬਰੈਂਮਪਟਨ ਕੈਨੇਡਾ ।

ਗੁਰਵੀਰ ਸਿੰਘ ਸਰੌਂਦ
ਸੰਪਰਕ: 9417971451

ਤਕਨੀਕੀ ਵਿਕਾਸ ਬਨਾਮ ਆਰਥਿਕ ਪਛੜੇਵਾਂ

ਭਾਰਤ ਇੱਕ ਉੱਭਰ ਰਹੇ ਤੇ ਵਿਕਾਸਸ਼ੀਲ ਦੇਸ਼ਾਂ ਵਿੱਚੋਂ ਇੱਕ ਹੈ । ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰਿਕ ਢਾਂਚਾ ਤੇ ਦੁਨੀਆਂ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾਵਾਂ ਪਿੱਛੋਂ ਇੱਕ । ਅੰਕੜੇ ਦੱਸਦੇ ਹਨ ਕਿ 2020 ਵਿੱਚ 5 ਵੀਂ ਸਭ ਤੋਂ ਵੱਡੀ ਅਰਥਵਿਵਸਥਾ ਬਣ ਗਈ ਹੈ। 2025 ਤੱਕ ਚੀਨ ਤੇ ਅਮਰੀਕਾ ਤੋਂ ਬਾਅਦ ਤੀਜੀ ਸਭ ਤੋਂ ਵੱਡੀ ਵਿਸ਼ਵ ਅਰਥਵਿਵਸਥਾ ਬਣਨ ਦਾ ਅਨੁਮਾਨ ਹੈ । 2016 ਵਿੱਚ ਭਾਰਤ ਦੀ ਆਬਾਦੀ ਲਗਪਗ 1.3 ਬਿਲੀਅਨ ਸੀ। ਹਾਲ ਹੀ ਵਿੱਚ ਸੰਯੁਕਤ ਰਾਸ਼ਟਰ (ਯੂ.ਐਨ.ਓ) ਦੀ ਇੱਕ ਰਿਪੋਰਟ ਵਿੱਚ ਭਵਿੱਖਬਾਣੀ ਕੀਤੀ ਗਈ ਹੈ। ਕਿ ਭਾਰਤ 2022 ਵਿੱਚ ਸਭ ਤੋਂ ਵੱਧ ਆਬਾਦੀ ਵਾਲੇ ਦੇਸ਼ ਚੀਨ ਨੂੰ ਪਛਾੜ ਦੇਵੇਗਾ। ਹਾਲਾਂਕਿ ਇਸ ਦੇ ਤੇਜ਼ ਵਾਧੇ ਦੇ ਬਾਵਜੂਦ ਭਾਰਤ ਵਿੱਚ ਗਰੀਬੀ ਵਿਆਪਕ ਹੈ। " ਦੀ ਮਨੁੱਖੀ ਵਿਕਾਸ ਸੂਚਕਾਂਕ" (ਐਚ.ਡੀ.ਆਈ) ਭਾਰਤ ਨੂੰ ਇੱਕ 187 ਦੇਸ਼ਾਂ ਵਿੱਚੋਂ 136 ਵੇਂ ਸਥਾਨ ਤੇ ਰੱਖਿਆ ਗਿਆ ਹੈ। ਦੇਸ਼ ਦੀ 25% ਆਬਾਦੀ ਅਜੇ ਵੀ 1.25 ਅਮਰੀਕੀ ਡਾਲਰ ਪ੍ਰਤੀ ਦਿਨ ਤੋਂ ਵੀ ਘੱਟ ਤੇ ਗੁਜ਼ਾਰਾ ਕਰਦੀ ਹੈ।

ਇਹ ਠੀਕ ਹੈ ਕਿ ਸਾਡੇ ਦੇਸ਼ ਵਿਚ ਤਕਨੀਕ ਨੇ ਬਹੁਤ ਉੱਨਤੀ ਕੀਤੀ ਹੈ।ਅਸੀਂ ਮੰਗਲ ਗ੍ਰਹਿ ਤਕ ਪੁੱਜ ਗਏ ਹਾਂ, ਅਸਮਾਨ ਵਿੱਚ ਸਾਡੇ ਆਪਣੇ ਉਪਗ੍ਰਹਿ ਉੱਡ ਰਹੇ ਹਨ।ਪਰ ਸਾਡਾ ਧਰਤੀ ਉਪਰਲਾ ਤਕਨੀਕੀ ਵਿਕਾਸ ਤੇ ਉਦਯੋਗ ਲੋਕਾਂ ਦਾ ਜੀਵਨ ਪੱਧਰ ਅਜੇ ਵੀ ਬਹੁਤ ਪਛੜਿਆ ਹੈ। ਸਾਡੇ ਦੇਸ਼ ਵਿਚ ਖਾਦਾਂ,ਸੀਮਿੰਟ, ਲੋਹਾ, ਬਿਜਲੀ ਦਾ ਸਾਮਾਨ, ਸੰਚਾਰ, ਪੈਟਰੋਲੀਅਮ ਵਸਤਾਂ ਤੇ ਕਾਰਾਂ ਮੋਟਰਾਂ ਆਦਿ ਦੇ ਨਿਰਮਾਣ ਵਿੱਚ ਵਾਧਾ ਹੋਇਆ ਹੈ।ਦੇਸ਼ ਦੀਆਂ ਆਯਾਤਾਂ ਤੇ ਮਾਮਲੇ ਵਿੱਚ ਵਿਦੇਸ਼ਾਂ ਉੱਪਰ ਨਿਰਭਰਤਾ ਘਟੀ ਹੈ।ਫਲਸਰੂਪ ਰੁਜਗਾਰ ਦੇ ਮੌਕੇ ਵੀ ਪੈਦਾ ਹੋਏ ਹਨ। ਪ੍ਰੰਤੂ ਸਾਡੇ ਉਤਪਾਦਨਾਂ ਵਿਚ ਗੁਣਵੱਤਾ ਦੀ ਕਮੀ ਹੈ। ਜਿਸ ਕਰਕੇ ਸਾਡਾ ਅੰਤਰਰਾਸਟਰੀ ਮੰਡੀ ਵਿੱਚ ਮੁਕਾਬਲੇ ਪਿੱਛੇ ਰਹਿ ਜਾਂਦਾ ਹੈ, ਨਾਲ ਹੀ ਖੇਤੀ ਖੇਤਰ ਵਿੱਚ ਨਵੀਆਂ ਤਕਨੀਕਾਂ ਤੇ ਉਦਯੋਗੀਕਰਨ ਨੂੰ ਬਹੁਤ ਘੱਟ ਅਪਨਾਇਆ ਜਾ ਸਕਿਆ ਹੈ। ਜਿਸ ਕਰਕੇ ਸਾਡੇ ਦੇਸ਼ ਦੇ ਤਕਨੀਕੀ ਵਿਕਾਸ ਦਾ ਫ਼ਾਇਦਾ ਆਮ ਲੋਕਾਂ ਨੂੰ ਨਹੀਂ ਹੋ ਸਕਿਆ ।

ਗੱਲ ਸੋਚਣ ਵਾਲੀ ਇਹ ਹੈ। ਕਿ ਜੇਕਰ ਸਾਡਾ ਦੇਸ਼ ਅੰਕੜਿਆਂ ਮੁਤਾਬਿਕ ਤੇ ਵਿਕਸਤ ਹੋਣ ਵੱਲ ਵਧ ਰਿਹਾ ਹੈ। ਪਰ ਜ਼ਮੀਨੀ ਪੱਧਰ ਤੇ ਆਮ ਲੋਕਾਂ ਦੇ ਹਾਲਾਤ ਦਿਨ ਬ ਦਿਨ ਬਦਤਰ ਹੋ ਰਹੇ ਹਨ।ਉਨ੍ਹਾਂ ਨੂੰ ਆਪਣਾ ਤੇ ਪਰਿਵਾਰ ਦਾ ਗੁਜਾਰਾ ਕਰਨਾ ਬੜਾ ਮੁਸ਼ਕਲ ਹੋ ਰਿਹਾ ਹੈ। ਕਿਧਰੇ ਦੇਸ਼ ਦਾ ਵਿਕਾਸ ਕੁਝ ਕੁ ਹੱਥਾਂ ਤਕ ਤਾਂ ਹੀ ਸੀਮਤ ਨਹੀਂ ਰਹਿ ਰਿਹਾ ? ਕਿਉਂਕਿ "ਔਕਸਫੋਮ" ਦੀ ਰਿਪੋਰਟ ਮੁਤਾਬਿਕ ਸਾਡੇ ਦੇਸ਼ ਦੇ 1% ਸਰਮਾਏਦਾਰਾਂ ਕੋਲ 70%ਆਬਾਦੀ ਅਰਥਾਤ 95.3 ਕਰੋਡ ਲੋਕਾਂ ਦੀ ਇਕੱਠੀ ਸੰਪਤੀ ਤੋਂ ਚਾਰ ਗੁਣਾ ਵੱਧ ਸੰਪਤੀ ਇਕੱਠੀ ਹੋ ਚੁੱਕੀ ਹੈ। 63 ਸਭ ਤੋਂ ਧਨੀ ਅਰਬਪਤੀਆਂ ਦੇ ਹੱਥਾਂ ਵਿੱਚ ਭਾਰਤ ਦੇ ਇਕ ਸਾਲ ਦਾ ਬਜਟ ਤੋਂ ਵੀ ਵੱਧ ਧਨ ਜਮ੍ਹਾਂ ਹੋ ਚੁੱਕਾ ਹੈ। ਪਿਛਲੇ ਦਹਾਕੇ ਸਾਡੇ ਦੇਸ਼ ਵਿੱਚ ਅਰਬਪਤੀਆਂ ਦੀ ਗਿਣਤੀ ਦੁੱਗਣੀ ਹੋਈ ਹੈ। ਇਨ੍ਹਾਂ ਕੋਲ ਜਿਹੜਾ ਇੰਨਾ ਪੈਸਾ ਇਕੱਠਾ ਹੋਇਆ ਹੈ। ਇਹ ਆਮ ਲੋਕਾਂ ਦੀਆਂ ਜੇਬਾਂ ਵਿੱਚੋਂ ਨਿਕਲ ਕੇ ਹੀ ਗਿਆ ਹੈ। ਇਸ ਤਰ੍ਹਾਂ ਜੇਕਰ ਇਹ ਅਰਬਪਤੀ ਬਣੇ ਹਨ ਤਾਂ ਆਮ ਲੋਕ ਸਮਾਜਿਕ ਤੇ ਆਰਥਿਕ ਤੌਰ ਤੇ ਕੰਗਾਲ ਹੋਏ ਹਨ। ਇਸ ਪ੍ਰਕਾਰ ਸਾਡੇ ਦੇਸ਼ ਦਾ ਤਕਨੀਕੀ ਤੇ ਉਦਯੋਗ ਵਿਕਾਸ ਕੁਝ ਅਰਬਪਤੀਆਂ ਦੇ ਮੁਨਾਫੇ ਤੇ ਟਿਕਿਆ ਹੋਇਆ ਹੈ । ਸਰਕਾਰ ਅੱਗੋਂ ਰੇਲਾਂ ਹਵਾਈ ਸਫ਼ਰ ,ਪੈਟਰੋਲੀਅਮ , ਸੰਚਾਰ ਸਾਧਨ , ਖੇਤੀਬਾੜੀ ।ਇਨ੍ਹਾਂ ਦੇ ਹੱਥਾਂ ਵਿਚ ਦੇਣ ਲਈ ਤਿਆਰ ਹੈ, ਫਲਸਰੂਪ ਸਾਡੇ ਸਮਾਜ ਵਿੱਚ ਅਮੀਰੀ ਗ਼ਰੀਬੀ ਦਾ ਪਾੜਾ ਘਟਦਾ ਨਹੀਂ ਦਿਸਦਾ।

ਦੇਸ਼ ਦੀ 70% ਆਬਾਦੀ ਅੱਜ ਵੀ ਮਹਿੰਗਾਈ ਦੀ ਮਾਰ ਝੱਲ ਰਹੀ ਹੈ। ਰੋਜ਼ਮਰ੍ਹਾ ਦੀਆਂ ਲੋੜਾਂ ਦੀ ਪੂਰਤੀ ਮਸ਼ਕਿਲ ਨਾਲ ਹੋ ਰਹੀ ਹੈ। ਕਿਸਾਨੀ ਵਰਗ ਦੀ ਗੱਲ ਕਰੀਏ ਤਾਂ ਖੇਤੀ ਕਾਨੂੰਨਾਂ ਖਿ?ਲਾਫ ਚਲਦਿਆਂ ਸ਼ੰਘਰਸ਼ ਨੂੰ ਇਕ ਸਾਲ ਹੋ ਗਿਆ ਹੈ। ਅਜਿਹੇ ਸਮੇਂ ਖੁਦ ਦੇਸ਼ ਦਾ ਢਿੱਡ ਭਰਨ ਵਾਲਾ ਸੜਕਾਂ ਤੇ ਰੁਲ ਰਿਹਾ ਹੈ। ਕਿਉਂਕਿ ਉਸ ਨੂੰ ਆਪਣੀਆਂ ਜਿਨਸਾਂ ਦਾ ਪੂਰਾ ਮੁੱਲ ਨਾ ਮਿਲਣਾ ਅਤੇ ਆਪਣੀ ਹੱਥੋਂ ਖੇਤੀਬਾੜੀ ਖੁੱਸ ਜਾਣ ਦਾ ਡਰ ਸਤਾ ਰਿਹਾ ਹੈ। ਸਰਕਾਰ ਖੇਤੀਬਾੜੀ ਨੂੰ ਨਿੱਜੀ ਕੰਪਨੀਆਂ ਦੇ ਹਵਾਲੇ ਕਰ ਰਹੀ ਹੈ ਤਾਂ ਕਿਸਾਨੀ ਤਾਂ ਪਹਿਲਾਂ ਹੀ ਹਾਸ਼ੀਏ ਤੇ ਪਹੁੰਚ ਚੁੱਕੀ ਹੈ । ਅਜਿਹੇ ਨਾਜ਼ੁਕ ਸਮੇਂ ਤਕਨੀਕੀ ਵਿਕਾਸ ਤਾਂ ਕੀ ਹੋਣਾ ? ਉਨ੍ਹਾਂ ਲਈ ਤਾਂ ਆਪਣਾ ਢਿੱਡ ਭਰਨਾ ਤੇ ਨਿੱਕੇ ਮੋਟੇ ਕਰਜੇ ਤੋਂ ਛੁਟਕਾਰਾ ਪਾਉਣਾ ਵੀ ਮੁਸ਼ਕਿਲ ਹੋ ਚੁੱਕਾ ਹੈ। ਰਸਾਇਣਿਕ ਖਾਦਾਂ ਦਾ ਸਮੇਂ ਸਿਰ ਨਾ ਮਿਲਣਾ ਬਾਅਦ ਵਿੱਚ ਕਾਲ-ਬਾਜ਼ਾਰੀ ਹੋਣਾ, ਸਪਰੇਹਾਂ ਤੇ ਬੀਜਾਂ ਦਾ ਨਕਲੀ ਨਿਕਲਣਾ, ਆਦਿ ਇਹ ਉਹ ਕਾਰਕ ਹਨ । ਜੋ ਖੇਤੀ ਖੇਤਰ ਨੂੰ ਘੁਣ ਵਾਂਗ ਲੱਗ ਚੁੱਕੇ ਹਨ। ਜੋ ਛੋਟੀ ਖੇਤੀ ਨੂੰ ਭਸਮ ਕਰਦੇ ਹੋਏ, ਆਪ ਖ਼ੁਦ ਮਾਲਾਮਾਲ ਹੋ ਰਹੇ ਹਨ। ਰਸਾਇਣਕ ਖਾਦਾਂ ਨੇ ਸਿਰਫ਼ ਕਿਸਾਨ ਹੀ ਨਹੀਂ ਆਰਥਿਕ ਤੌਰ ਤੇ ਕੰਗਾਲ ਕੀਤਾ, ਬਲਕਿ ਪੂਰੇ ਵਾਤਾਵਰਨ ਨੂੰ ਦੂਸ਼ਿਤ ਕਰਨ ਵਿਚ ਅਹਿਮ ਰੋਲ ਅਦਾ ਕੀਤਾ ਹੈ। ਜਿਸ ਕਾਰਨ ਕੈਂਸਰ ਵਰਗੀਆਂ ਨਾਮੁਰਾਦ ਬੀਮਾਰੀਆਂ ਨੇ ਜਨਮ ਲਿਆ ਹੈ । ਹਰੀ ਕ੍ਰਾਂਤੀ ਆਉਣ ਨਾਲ ਭਾਰਤ ਵਿੱਚ ਅਨਾਜ ਦੀ ਕਮੀ ਤਾਂ ਪੂਰੀ ਹੋ ਗਈ। ਪ

ਟਰੰਪ ਦੀਆਂ ਅਮਰੀਕੀ ਨੀਤੀਆਂ, ਭਾਰਤੀ ਆਈਟੀ ਨੌਕਰੀਆਂ ਅਤੇ ਕੈਨੇਡਾ ਬਾਰੇ ਮਸਕ ਦੀਆਂ ਟਿੱਪਣੀਆਂ

ਸੁਰਜੀਤ ਸਿੰਘ ਫਲੋਰਾ
647-829-9397

ਐਲਨ ਮਸਕ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਕਿਊਬਿਕ ਨੂੰ ਕੈਨੇਡਾ ਤੋਂ ਵੱਖ ਹੋ ਜਾਣਾ ਚਾਹੀਦਾ ਹੈ। ਬਾਅਦ ਵਿੱਚ ਉਸ ਨੇ ਅਲਬਰਟਾ ਅਤੇ ਸਸਕੈਚਵਨ ਲਈ ਵੀ ਇਹੋ ਜਿਹੀ ਗੱਲ ਆਖੀ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਜਵਾਬ ਦਿੱਤਾ ਕਿ ਦੇਸ਼ ਦਾ ਭਵਿੱਖ ਕੈਨੇਡੀਅਨ ਤੈਅ ਕਰਨਗੇ। ਇਹ ਸਿਰਫ਼ ਸਿਆਸੀ ਬਿਆਨਾਂ ਦਾ ਟਕਰਾਅ ਨਹੀਂ, ਸਗੋਂ ਪ੍ਰਭਾਵ ਅਤੇ ਲੋਕਤੰਤਰੀ ਅਧਿਕਾਰ ਵਿਚਕਾਰਲੀ ਹੱਦ ਦਾ ਸਵਾਲ ਹੈ।

ਦੌਲਤ, ਕਾਰੋਬਾਰੀ ਪਹੁੰਚ ਜਾਂ ਸੋਸ਼ਲ ਮੀਡੀਆ 'ਤੇ ਲੱਖਾਂ ਲੋਕਾਂ ਤੱਕ ਪਹੁੰਚ ਕਿਸੇ ਨੂੰ ਦੂਜੇ ਦੇਸ਼ ਦੇ ਫ਼ੈਸਲੇ ਕਰਨ ਦਾ ਹੱਕ ਨਹੀਂ ਦਿੰਦੀ। ਇਸੇ ਤਰ੍ਹਾਂ, ਅਮਰੀਕੀ ਇਮੀਗ੍ਰੇਸ਼ਨ ਨੀਤੀਆਂ ਕਾਰਨ ਭਾਰਤੀ ਆਈਟੀ ਕੰਪਨੀਆਂ ਅਤੇ ਕਰਮਚਾਰੀਆਂ ਨੂੰ ਪੇਸ਼ ਆਉਂਦੀਆਂ ਮੁਸ਼ਕਲਾਂ ਨੂੰ ਕੈਨੇਡਾ ਦੀਆਂ ਸਰਹੱਦਾਂ ਬਾਰੇ ਬਹਿਸ ਨਾਲ ਰਲਾਉਣਾ ਠੀਕ ਨਹੀਂ। ਦੋਹਾਂ ਮਸਲਿਆਂ ਵਿੱਚ ਪ੍ਰਭਾਵ ਦੀ ਗੱਲ ਹੈ, ਪਰ ਉਨ੍ਹਾਂ ਦੇ ਕਾਨੂੰਨ ਅਤੇ ਨਤੀਜੇ ਵੱਖਰੇ ਹਨ।

ਮਸਕ ਦੀਆਂ ਪੋਸਟਾਂ ਨਾ ਸਰਕਾਰੀ ਫ਼ੈਸਲੇ ਸਨ, ਨਾ ਜਨਮਤ-ਸੰਗ੍ਰਹਿ ਅਤੇ ਨਾ ਹੀ ਸੰਵਿਧਾਨਕ ਗੱਲਬਾਤ ਦੀ ਸ਼ੁਰੂਆਤ। ਫਿਰ ਵੀ, ਉਨ੍ਹਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ, ਕਿਉਂਕਿ ਮਸਕ ਦੀ ਪਹੁੰਚ ਅਤੇ ਕਾਰੋਬਾਰੀ ਹਿੱਤ ਵੱਡੇ ਹਨ। ਉਸ ਕੋਲ ਕੈਨੇਡੀਅਨ ਨਾਗਰਿਕਤਾ ਵੀ ਹੈ, ਇਸ ਲਈ ਉਹ ਕੈਨੇਡਾ ਦੇ ਮਸਲਿਆਂ 'ਤੇ ਰਾਇ ਦੇ ਸਕਦਾ ਹੈ। ਪਰ ਐਕਸ ਦੀ ਮਾਲਕੀ ਉਸ ਦੀ ਆਵਾਜ਼ ਨੂੰ ਆਮ ਨਾਗਰਿਕਾਂ ਨਾਲੋਂ ਕਿਤੇ ਵੱਧ ਪਹੁੰਚ ਦਿੰਦੀ ਹੈ। ਵੱਡੀ ਪਹੁੰਚ ਲੋਕਾਂ ਦਾ ਧਿਆਨ ਬਦਲ ਸਕਦੀ ਹੈ, ਪਰ ਸੰਵਿਧਾਨਕ ਫ਼ੈਸਲੇ ਦਾ ਹੱਕ ਨਹੀਂ ਦਿੰਦੀ।

ਕਿਊਬਿਕ ਦੀ ਆਜ਼ਾਦੀ ਬਾਰੇ ਬਹਿਸ ਦਾ ਲੰਮਾ ਇਤਿਹਾਸ ਹੈ। 1995 ਦੇ ਜਨਮਤ-ਸੰਗ੍ਰਹਿ ਵਿੱਚ ਵੈਧ ਵੋਟਾਂ ਵਿੱਚੋਂ 50.58 ਫ਼ੀਸਦੀ ਵੋਟਰਾਂ ਨੇ ਵੱਖ ਹੋਣ ਦਾ ਵਿਰੋਧ ਕੀਤਾ ਸੀ। ਇੰਨਾ ਨੇੜਲਾ ਨਤੀਜਾ ਦੱਸਦਾ ਹੈ ਕਿ ਇਹ ਮਸਲਾ ਕਿੰਨਾ ਸੰਵੇਦਨਸ਼ੀਲ ਹੈ। ਬਾਹਰੋਂ ਮਿਲੀ ਹਮਾਇਤ ਇਸ ਦਾ ਫ਼ੈਸਲਾ ਨਹੀਂ ਕਰ ਸਕਦੀ। ਅਲਬਰਟਾ ਅਤੇ ਸਸਕੈਚਵਨ ਦੀ ਸਿਆਸੀ ਸਥਿਤੀ ਵੀ ਕਿਊਬਿਕ ਤੋਂ ਵੱਖਰੀ ਹੈ। ਤਿੰਨਾਂ ਸੂਬਿਆਂ ਨੂੰ ਇਕੋ ਜਿਹੇ ਵੱਖਵਾਦੀ ਮਸਲੇ ਵਜੋਂ ਪੇਸ਼ ਕਰਨ ਨਾਲ ਉਨ੍ਹਾਂ ਦੇ ਇਤਿਹਾਸ ਜਾਂ ਲੋਕ-ਹਮਾਇਤ ਦਾ ਪੱਧਰ ਸਾਬਤ ਨਹੀਂ ਹੁੰਦਾ।

ਕੈਨੇਡਾ ਦਾ ਸੰਵਿਧਾਨਕ ਢਾਂਚਾ ਵੀ ਕਿਸੇ ਸੋਸ਼ਲ ਮੀਡੀਆ ਪੋਸਟ ਨਾਲ ਨਹੀਂ ਬਦਲਦਾ। 1998 ਵਿੱਚ ਕਿਊਬਿਕ ਦੇ ਵੱਖ ਹੋਣ ਬਾਰੇ ਸੁਪਰੀਮ ਕੋਰਟ ਨੇ ਫ਼ੈਸਲਾ ਦਿੱਤਾ ਸੀ ਕਿ ਸੂਬਾ ਇਕਤਰਫ਼ਾ ਤੌਰ 'ਤੇ ਕੈਨੇਡਾ ਤੋਂ ਵੱਖ ਨਹੀਂ ਹੋ ਸਕਦਾ। ਜੇ ਸਪੱਸ਼ਟ ਸਵਾਲ 'ਤੇ ਸਪੱਸ਼ਟ ਬਹੁਮਤ ਵੱਖ ਹੋਣ ਦੇ ਹੱਕ ਵਿੱਚ ਵੋਟ ਪਾਵੇ, ਤਾਂ ਗੱਲਬਾਤ ਕਰਨੀ ਪਵੇਗੀ, ਪਰ ਇਸ ਨਾਲ ਆਜ਼ਾਦੀ ਆਪਣੇ ਆਪ ਨਹੀਂ ਮਿਲਦੀ। 2000 ਦਾ ਸੰਘੀ ਸਪੱਸ਼ਟਤਾ ਐਕਟ ਜਨਮਤ-ਸੰਗ੍ਰਹਿ ਦੇ ਸਵਾਲ ਦੀ ਸਪੱਸ਼ਟਤਾ ਨਾਲ ਜੁੜੇ ਨਿਯਮ ਤੈਅ ਕਰਦਾ ਮਸਕ ਦੀ ਰਾਇ ਇਨ੍ਹਾਂ ਕਾਨੂੰਨੀ ਹੱਦਾਂ ਨੂੰ ਨਹੀਂ ਬਦਲਦੀ।

ਟਰੰਪ ਦੌਰ ਦੀਆਂ ਨੀਤੀਆਂ ਅਤੇ ਭਾਰਤੀ ਆਈਟੀ ਕਰਮਚਾਰੀ

ਅਮਰੀਕਾ ਅਤੇ ਭਾਰਤ ਵਿਚਕਾਰਲਾ ਮਸਲਾ ਇਮੀਗ੍ਰੇਸ਼ਨ, ਰੁਜ਼ਗਾਰ ਅਤੇ ਵਪਾਰ ਨਾਲ ਸਬੰਧਤ ਹੈ। ਅਮਰੀਕੀ ਸਰਕਾਰ ਤੈਅ ਕਰਦੀ ਹੈ ਕਿ ਕੌਣ ਦੇਸ਼ ਵਿੱਚ ਦਾਖ਼ਲ ਹੋ ਸਕਦਾ ਹੈ ਅਤੇ ਉੱਥੇ ਕੰਮ ਕਰ ਸਕਦਾ ਹੈ। ਭਾਰਤੀ ਕੰਪਨੀਆਂ ਅਤੇ ਕਰਮਚਾਰੀਆਂ ਨੂੰ ਇਨ੍ਹਾਂ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ, ਪਰ ਉਹ ਨੀਤੀਆਂ ਦੇ ਪੱਖਪਾਤੀ ਜਾਂ ਗ਼ਲਤ ਲਾਗੂ ਹੋਣ ਦਾ ਵਿਰੋਧ ਵੀ ਕਰ ਸਕਦੇ ਹਨ।

ਐੱਚ-1ਬੀ ਵੀਜ਼ਾ ਯੋਗ ਨੌਕਰੀਦਾਤਿਆਂ ਨੂੰ ਵਿਸ਼ੇਸ਼ ਪੇਸ਼ੇਵਰ ਯੋਗਤਾ ਵਾਲੇ ਵਿਦੇਸ਼ੀ ਕਰਮਚਾਰੀ ਰੱਖਣ ਦੀ ਇਜਾਜ਼ਤ ਦਿੰਦਾ ਹੈ। ਇਸ ਦੀ ਆਮ ਸਾਲਾਨਾ ਹੱਦ 65,000 ਹੈ। ਅਮਰੀਕੀ ਯੂਨੀਵਰਸਿਟੀਆਂ ਤੋਂ ਉੱਚ ਡਿਗਰੀ ਹਾਸਲ ਕਰਨ ਵਾਲਿਆਂ ਲਈ 20,000 ਹੋਰ ਥਾਵਾਂ ਇਸ ਹੱਦ ਤੋਂ ਬਾਹਰ ਹਨ। ਇਹ ਅਸਥਾਈ ਕੰਮਕਾਜੀ ਦਰਜਾ ਹੈ। ਰੁਜ਼ਗਾਰ ਦੇ ਆਧਾਰ 'ਤੇ ਸਥਾਈ ਨਿਵਾਸ ਲਈ ਵੱਖਰੀ ਅਰਜ਼ੀ ਅਤੇ ਯੋਗਤਾ ਦੀਆਂ ਸ਼ਰਤਾਂ ਹਨ। ਨੌਕਰੀਦਾਤਾ ਅਰਜ਼ੀ ਦੇ ਸਕਦਾ ਹੈ, ਪਰ ਇਮੀਗ੍ਰੇਸ਼ਨ ਦਰਜਾ ਕਰਮਚਾਰੀ ਨੂੰ ਮਿਲਦਾ ਹੈ।

ਭਾਰਤੀ ਪੇਸ਼ੇਵਰਾਂ ਲਈ ਸਥਾਈ ਨਿਵਾਸ ਦੀ ਲੰਮੀ ਉਡੀਕ ਵੱਡੀ ਸਮੱਸਿਆ ਹੈ, ਪਰ ਇਸ ਨੂੰ ਐੱਚ-1ਬੀ ਪਾਬੰਦੀਆਂ ਨਾਲ ਗੁੰਝਲਾਉਣਾ ਨਹੀਂ ਚਾਹੀਦਾ। ਇਹ ਕਹਿਣ ਲਈ ਕਿ ਭਾਰਤੀ ਆਈਟੀ ਕੰਪਨੀਆਂ ਨੂੰ ਸਥਾਈ ਨਿਵਾਸ ਦੇ ਕਿਸੇ ਪ੍ਰੋਗਰਾਮ ਤੋਂ ਬਾਹਰ ਰੱਖਿਆ ਗਿਆ ਹੈ, ਉਸ ਪ੍ਰੋਗਰਾਮ ਦਾ ਨਾਂ ਅਤੇ ਯੋਗਤਾ ਦੇ ਨਿਯਮ ਦੱਸਣੇ ਲਾਜ਼ਮੀ ਹਨ। ਬਿਨਾਂ ਵੇਰਵੇ ਦੇ ਦੋਸ਼ ਨਾਲ ਇਹ ਸਾਬਤ ਨਹੀਂ ਹੁੰਦਾ ਕਿ ਟਾਟਾ ਕੰਸਲਟੈਂਸੀ ਸਰਵਿ?ਸਜ਼ ਜਾਂ ਇਨਫੋਸਿਸ 'ਤੇ ਪੱਕੀ ਪਾਬੰਦੀ ਹੈ।

ਟਰੰਪ ਸਰਕਾਰ ਨੇ 18 ਅਪ੍ਰੈਲ 2017 ਨੂੰ ÷ਅਮਰੀਕੀ ਉਤਪਾਦ ਖਰੀਦੋ ਅਤੇ ਅਮਰੀਕੀਆਂ ਨੂੰ ਕੰਮ 'ਤੇ ਰੱਖੋ÷ ਕਾਰਜਕਾਰੀ ਹੁਕਮ ਜਾਰੀ ਕੀਤਾ ਸੀ। ਇਸ ਵਿੱਚ ਸਰਕਾਰੀ ਏਜੰਸੀਆਂ ਨੂੰ ਐੱਚ-1ਬੀ ਪ੍ਰੋਗਰਾਮ ਵਿੱਚ ਸੁਧਾਰਾਂ ਦੇ ਪ੍ਰਸਤਾਵ ਤਿਆਰ ਕਰਨ ਲਈ ਕਿਹਾ ਗਿਆ। ਇਹ ਹੁਕਮ ਅਮਰੀਕੀ ਕਰਮਚਾਰੀਆਂ ਨੂੰ ਪਹਿਲ ਦੇਣ ਦੀ ਸਰਕਾਰੀ ਨੀਤੀ ਦਾ ਸਬੂਤ ਹੈ, ਪਰ ਇਸ ਤੋਂ ਇਹ ਨਤੀਜਾ ਨਹੀਂ ਨਿਕਲਦਾ ਕਿ ਹਰ ਨੀਤੀ ਭਾਰਤੀ ਕੰਪਨੀਆਂ ਨੂੰ ਨਿਸ਼ਾਨਾ ਬਣਾਉਂਦੀ ਹੈ। ਅਮਰੀਕੀ ਨੌਕਰੀਆਂ ਨੂੰ ਤਰਜੀਹ ਦੇਣਾ ਸਿਆਸੀ ਮੰਗ ਹੈ; ਭਾਰਤ-ਵਿਰੋਧੀ ਮਨਸ਼ਾ ਦਾ ਦਾਅਵਾ ਕਰਨ ਲਈ ਨੀਤੀ ਦੀ ਬਣਤਰ, ਲਾਗੂ ਕਰਨ ਦਾ ਢੰਗ ਅਤੇ ਸਬੂਤ ਵੇਖਣੇ ਪੈਣਗੇ, ਜੋ ਸਭ ਦੇ ਸਾਹਮਣੇ ਹੀ ਨਹੀਂ ਗਲਕੇ ਦੁਨੀਆਂ ਭਰ ਦੇ ਮੀਡੀਏ ਦੇ ਸਾਹਮਣੇ ਹਨ ਕਿ ਟਰੰਪ ਜਾਣ ਬੁਝ ਕੇ ਭਾਰਤੀਆਂ ਨੂੰ ਨਿਸ਼ਾਨਾਂ ਬਣਾ ਰਿਹਾ ਹੈ।

ਵਿਦੇਸ਼ੀ ਭਰਤੀ 'ਤੇ ਨਿਯਮ ਤਨਖ਼ਾਹ ਅਤੇ ਕਿਰਤ ਸੁਰੱਖਿਆ ਦੀ ਰਾਖੀ ਕਰ ਸਕਦੇ ਹਨ। ਪਰ ਸਖ਼ਤ ਪਾਬੰਦੀਆਂ ਨਾਲ ਅਹੁਦੇ ਖਾਲੀ ਰਹਿ ਸਕਦੇ ਹਨ, ਭਰਤੀ ਮਹਿੰਗੀ ਹੋ ਸਕਦੀ ਹੈ ਅਤੇ ਪ੍ਰੋਜੈਕਟ ਦੇਰ ਨਾਲ ਪੂਰੇ ਹੋ ਸਕਦੇ ਹਨ। ਅਸਰ ਨੌਕਰੀ ਅਤੇ ਉਪਲਬਧ ਹੁਨਰਾਂ 'ਤੇ ਨਿਰਭਰ ਕਰਦਾ ਹੈ। ਕਿਸੇ ਖ਼ਾਸ ਅਹੁਦੇ ਲਈ ਉਮੀਦਵਾਰ ਨਾ ਮਿਲਣਾ ਇਹ ਸਾਬਤ ਨਹੀਂ ਕਰਦਾ ਕਿ ਅਮਰੀਕੀ ਕਰਮਚਾਰੀ ਯੋਗ ਨਹੀਂ; ਵਿਦੇਸ਼ੀ ਕਰਮਚਾਰੀ ਮਿਲਣਾ ਵੀ ਇਹ ਨਹੀਂ ਦੱਸਦਾ ਕਿ ਕੰਪਨੀ ਨੂੰ ਇਮੀਗ੍ਰੇਸ਼ਨ ਛੋਟ ਮਿਲਣੀ ਹੀ ਚਾਹੀਦੀ ਹੈ। ਮੁਲਾਂਕਣ ਦੀ ਸ਼ੁਰੂਆਤ ਨੌਕਰੀ ਅਤੇ ਹੁਨਰ ਦੇ ਮੇਲ ਤੋਂ ਹੋਣੀ ਚਾਹੀਦੀ ਹੈ, ਕੌਮੀਅਤ ਤੋਂ ਨਹੀਂ। ਭਰਤੀ ਔਖੀ ਹੋਣ 'ਤੇ ਕੰਪਨੀਆਂ ਕੰਮ ਹੋਰ ਥਾਵਾਂ 'ਤੇ ਕਰਵਾ ਸਕਦੀਆਂ ਹਨ। ਭਾਰਤ ਵਿੱਚ ਬਹੁਕੌਮੀ ਕੰਪਨੀਆਂ ਦੇ ਸਮਰੱਥਾ ਕੇਂਦਰ ਤਕਨਾਲੋਜੀ ਅਤੇ ਕਾਰੋਬਾਰੀ ਕੰਮ ਸੰਭਾਲਦੇ ਹਨ। ਜੇਪੀ ਮੋਰਗਨ ਚੇਜ਼ ਦੇ ਬੈਂਗਲੁਰੂ ਅਤੇ ਹੈਦਰਾਬਾਦ ਵਿੱਚ ਤਕਨਾਲੋਜੀ ਕੇਂਦਰ ਇਸ ਦੀਆਂ ਮਿਸਾਲਾਂ ਹਨ। ਫਿਰ ਵੀ, ਅਮਰੀਕਾ ਵਿੱਚ ਭਰਤੀ ਦੀ ਹਰ ਮੁਸ਼ਕਲ ਕਾਰਨ ਕੰਮ ਭਾਰਤ ਭੇਜਿਆ ਜਾਵੇਗਾ, ਇਹ ਲਾਜ਼ਮੀ ਨਹੀਂ। ਸੁਰੱਖਿਆ, ਗਾਹਕਾਂ ਦੀਆਂ ਲੋੜਾਂ, ਤਾਲਮੇਲ ਦਾ ਖ਼ਰਚਾ ਅਤੇ ਕੰਮ ਦੀ ਨੇੜਤਾ ਵੀ ਕੰਪਨੀ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰਦੇ ਹਨ। ਮਸਕ ਦੇ ਭਾਰਤ ਵਿੱਚ ਕਾਰੋਬਾਰੀ ਹਿੱਤ ਇਸ ਬਹਿਸ ਦਾ ਹੋਰ ਪੱਖ ਖੋਲ੍ਹਦੇ ਹਨ। ਸਟਾਰਲੰ ?ਕ ਨੂੰ ਸੈਟੇਲਾਈਟ ਇੰਟਰਨੈੱਟ ਸੇਵਾ ਲਈ ਦੂਰਸੰਚਾਰ ਮਨਜ਼ੂਰੀਆਂ, ਸਪੈਕਟ ?ਰਮ ਪ੍ਰਬੰਧ ਅਤੇ ਸੁਰੱਖਿਆ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਭਾਰਤ ਦਾ ਟੈਲੀਕੋਮਨੀਕੇਸਨ ਐਕਟ, 2023 ਕੁਝ ਸੈਟੇਲਾਈਟ ਸੇਵਾਵਾਂ ਲਈ ਸਪੈਕਟ ?ਰਮ ਦੀ ਪ੍ਰਸ਼ਾਸਕੀ ਵੰਡ ਦਾ ਪ੍ਰਬੰਧ ਕਰਦਾ ਹੈ, ਪਰ ਇਸ ਨਾਲ ਬਾਜ਼ਾਰ ਵਿੱਚ ਬਿਨਾਂ ਰੋਕ ਦਾਖ਼ਲਾ ਨਹੀਂ ਮਿਲਦਾ। ਨਿਯਮ ਕਾਨੂੰਨੀ ਅਤੇ ਪਾਰਦਰਸ਼ੀ ਹੋਣੇ ਚਾਹੀਦੇ ਹਨ, ਨਾਲ ਹੀ ਸਭ ਕੰਪਨੀਆਂ 'ਤੇ ਇਕਸਾਰ ਲਾਗੂ ਹੋਣੇ ਚਾਹੀਦੇ ਹਨ। ਟੈਸਲਾ ਨੇ ਭਾਰਤ ਦੇ ਵਾਹਨ ਆਯਾਤ ਕਰਾਂ ਅਤੇ ਸਥਾਨਕ ਉਤਪਾਦਨ ਦੇ ਖ਼ਰਚਿਆਂ ਬਾਰੇ ਚਿੰਤਾ ਜਤਾਈ ਸੀ। 2021 ਵਿੱਚ ਉਸ ਨੇ ਇਲੈਕਟ੍ਰਿਕ ਵਾਹਨਾਂ 'ਤੇ ਆਯਾਤ ਕਰ ਘਟਾਉਣ ਦੀ ਮੰਗ ਕੀਤੀ। ਮਾਰਚ 2024 ਦੀ ਭਾਰਤੀ ਨੀਤੀ ਨੇ ਯੋਗ ਕੰਪਨੀਆਂ ਨੂੰ ਕੁਝ ਸ਼ਰਤਾਂ ਹੇਠ 15 ਫ਼ੀਸਦੀ ਆਯਾਤ ਕਰ ਦੀ ਪੇਸ਼ਕਸ਼ ਕੀਤੀ। ਇਨ੍ਹਾਂ ਵਿੱਚ ਘੱਟੋ-ਘੱਟ 500 ਮਿਲੀਅਨ ਡਾਲਰ ਦਾ ਨਿਵੇਸ਼ ਅਤੇ ਤਿੰਨ ਸਾਲਾਂ ਅੰਦਰ ਨਿਰਮਾਣ ਸ਼ੁਰੂ ਕਰਨਾ ਸ਼ਾਮਲ ਸੀ। ਇਹ ਉਦਯੋਗਿਕ ਨੀਤੀ ਸੀ, ਠਏਸਲਅ ਲਈ ਬਿਨਾਂ ਸ਼ਰਤ ਛੋਟ ਨਹੀਂ। ਕੰਪਨੀ ਦੀ ਮੰਗ ਅਤੇ ਉਸ ਨੂੰ ਮਿਲਣ ਵਾਲੇ ਹੱਕ ਵਿਚਕਾਰ ਫ਼ਰਕ ਰੱਖਣਾ ਜ਼ਰੂਰੀ ਹੈ।

ਕੈਨੇਡਾ ਅਤੇ ਭਾਰਤ ਨਾਲ ਜੁੜੇ ਵਿਵਾਦਾਂ ਵਿੱਚ ਸਾਂਝਾ ਸਵਾਲ ਪ੍ਰਭਾਵ ਦੀ ਹੱਦ ਹੈ, ਪਰ ਦੋਹਾਂ ਦੇ ਕਾਨੂੰਨੀ ਢਾਂਚੇ ਵੱਖਰੇ ਹਨ। ਕੈਨੇਡਾ ਵਿੱਚ ਸਵਾਲ ਸੂਬੇ ਦੇ ਸਵੈ-ਨਿਰਣੇ ਅਤੇ ਸੰਘੀ ਸੰਵਿਧਾਨ ਦਾ ਹੈ। ਭਾਰਤ ਅਤੇ ਅਮਰੀਕਾ ਦੇ ਮਾਮਲੇ ਵਿੱਚ ਇਮੀਗ੍ਰੇਸ਼ਨ, ਰੁਜ਼ਗਾਰ, ਵਪਾਰ ਅਤੇ ਬਾਜ਼ਾਰ ਦੇ ਨਿਯਮ ਆਉਂਦੇ ਹਨ। ਕਿਸੇ ਅਰਬਪਤੀ ਦੀ ਵੱਖਵਾਦ ਬਾਰੇ ਰਾਇ ਅਤੇ ਸਰਕਾਰ ਦਾ ਇਮੀਗ੍ਰੇਸ਼ਨ ਨਿਯਮ ਇਕੋ ਜਿਹੇ ਅਧਿਕਾਰ ਨਹੀਂ ਹਨ।

ਹਰ ਮਾਮਲੇ ਵਿੱਚ ਪਰਖ ਦਾ ਆਧਾਰ ਇਹ ਹੋਣਾ ਚਾਹੀਦਾ ਹੈ ਕਿ ਫ਼ੈਸਲਾ ਕਿਸ ਨੇ ਕੀਤਾ, ਲਾਗੂ ਨਿਯਮ ਕੀ ਹੈ ਅਤੇ ਉਸ ਦਾ ਅਸਰ ਕਿਸ 'ਤੇ ਪੈਂਦਾ ਹੈ। ਸਰਕਾਰਾਂ ਇਮੀਗ੍ਰੇਸ਼ਨ ਦੀਆਂ ਸ਼ਰਤਾਂ ਤੈਅ ਕਰ ਸਕਦੀਆਂ ਹਨ ਅਤੇ ਆਪਣੇ ਇਲਾਕੇ ਵਿੱਚ ਕਾਰੋਬਾਰ ਨਿਯਮਬੱਧ ਕਰ ਸਕਦੀਆਂ ਹਨ। ਪਰ ਉਨ੍ਹਾਂ ਦੀ ਨੀਤੀ ਦੀ ਆਲੋਚਨਾ ਵੀ ਹੋ ਸਕਦੀ ਹੈ। ਗ਼ਲਤ ਨਿਯਮ, ਪੱਖਪਾਤੀ ਲਾਗੂਕਰਨ ਜਾਂ ਪੁਰਾਣੀਆਂ ਕੰਪਨੀਆਂ ਨੂੰ ਫ਼ਾਇਦਾ ਦੇਣ ਵਾਲੀ ਨੀਤੀ ਪ੍ਰਭੂਸੱਤਾ ਦੇ ਨਾਂ 'ਤੇ ਜਾਂਚ ਤੋਂ ਬਚ ਨਹੀਂ ਸਕਦੀ।

ਆਰਥਿਕ ਦਬਾਅ ਕਿਸੇ ਦੇਸ਼ ਦੀ ਚੋਣ ਘਟਾ ਸਕਦਾ ਹੈ, ਪਰ ਲੋਕਤੰਤਰੀ ਫ਼ੈਸਲਾ ਕਰਨ ਦਾ ਅਧਿਕਾਰ ਨਹੀਂ ਖੋਹਦਾ। ਕੈਨੇਡਾ ਦਾ ਭਵਿੱਖ ਕੈਨੇਡੀਅਨ ਤੈਅ ਕਰਨਗੇ; ਅਮਰੀਕੀ ਇਮੀਗ੍ਰੇਸ਼ਨ ਨਿਯਮਾਂ ਦੀ ਜਾਂਚ ਸਬੂਤਾਂ ਨਾਲ ਹੋਵੇਗੀ ਅਤੇ ਭਾਰਤ ਆਪਣੇ ਬਾਜ਼ਾਰ ਲਈ ਨਿਯਮ ਬਣਾਏਗਾ। ਪ੍ਰਭਾਵ ਬਹਿਸ ਨੂੰ ਬਦਲ ਸਕਦਾ ਹੈ, ਪਰ ਫ਼ੈਸਲੇ ਦੀ ਜ਼ਿੰਮੇਵਾਰੀ ਲੋਕਾਂ ਦੇ ਅਦਾਰਿਆਂ ਦੀ ਹੀ ਰਹਿੰਦੀ ਹੈ।

ਪੇਂਡੂ ਨਾਵਾਂ ਪਿੱਛੇ ਲੁਕੀਆਂ ਕਹਾਣੀਆਂ

ਪੰਜਾਬ ਦੇ ਪਿੰਡਾਂ ਵਿੱਚ ਬੰਦੇ ਦੀ ਪਛਾਣ ਕਈ ਵਾਰ ਉਸ ਦੇ ਅਸਲ ਨਾਂ ਨਾਲ ਨਹੀਂ, ਸਗੋਂ ਉਸ ਨਾਂ ਨਾਲ ਹੁੰਦੀ ਹੈ ਜਿਹੜਾ ਉਸ ਨੂੰ ਪਿੰਡ ਨੇ ਦੇ ਦਿੱਤਾ ਹੁੰਦਾ ਹੈ। ਕਿਸੇ ਦਾ ਨਾਂ ਬਿੱਲਾ, ਕਿਸੇ ਦਾ ਗੋਗੀ, ਕਿਸੇ ਦਾ ਭੋਲਾ ਤੇ ਕਿਸੇ ਦਾ ਨਿੱਕਾ। ਕਈ ਵਾਰ ਤਾਂ ਨਾਂ ਅਜਿਹਾ ਹੁੰਦਾ ਹੈ ਕਿ ਸੁਣਨ ਵਾਲਾ ਹੱਸ ਪੈਂਦਾ ਹੈ। ਮਜ਼ੇ ਦੀ ਗੱਲ ਇਹ ਹੈ ਕਿ ਜਿਸ ਬੰਦੇ ਨੂੰ ਸਾਰੇ ਪਿੰਡ ਵਿੱਚ ਉਸ ਨਾਂ ਨਾਲ ਬੁਲਾਇਆ ਜਾਂਦਾ ਹੈ, ਉਸ ਦੇ ਸਰਕਾਰੀ ਕਾਗਜ਼ਾਂ ਵਿੱਚ ਕੀ ਨਾਂ ਲਿਖਿਆ ਹੈ, ਇਹ ਗੱਲ ਬਹੁਤਿਆਂ ਨੂੰ ਪਤਾ ਹੀ ਨਹੀਂ ਹੁੰਦੀ।

ਪਿੰਡਾਂ ਵਿੱਚ ਕਈ ਵਾਰ ਨਾਂ ਰੱਖਣ ਲਈ ਕਿਸੇ ਖ਼ਾਸ ਮੌਕੇ ਦੀ ਵੀ ਲੋੜ ਨਹੀਂ ਪੈਂਦੀ। ਬੱਚਾ ਬਚਪਨ ਵਿੱਚ ਕੋਈ ਸ਼ਰਾਰਤ ਕਰ ਬੈਠਾ, ਬੱਸ ਨਾਂ ਪੈ ਗਿਆ। ਕਿਸੇ ਨੇ ਕੋਈ ਗੱਲ ਕਹਿ ਦਿੱਤੀ, ਉਹੀ ਨਾਂ ਬਣ ਗਿਆ। ਕਿਸੇ ਦੀ ਕੋਈ ਆਦਤ ਲੋਕਾਂ ਨੂੰ ਚੰਗੀ ਲੱਗ ਗਈ ਜਾਂ ਮਜ਼ਾਕ ਦਾ ਕਾਰਨ ਬਣ ਗਈ, ਤਾਂ ਉਸੇ ਤੋਂ ਨਵਾਂ ਨਾਂ ਨਿਕਲ ਆਇਆ। ਫਿਰ ਭਾਵੇਂ ਬੰਦਾ ਵੱਡਾ ਹੋ ਕੇ ਨੌਕਰੀ ਕਰਨ ਲੱਗ ਪਵੇ ਜਾਂ ਆਪਣੇ ਬੱਚਿਆਂ ਵਾਲਾ ਹੋ ਜਾਵੇ, ਪਿੰਡ ਦੇ ਲੋਕ ਉਸ ਨੂੰ ਪੁਰਾਣੇ ਨਾਂ ਨਾਲ ਹੀ ਬੁਲਾਉਂਦੇ ਹਨ। ਕਈ ਵਾਰ ਤਾਂ ਉਸ ਦੇ ਬੱਚੇ ਵੀ ਆਪਣੇ ਪਿਉ ਦਾ ਅਸਲ ਨਾਂ ਸੁਣ ਕੇ ਹੈਰਾਨ ਹੋ ਜਾਂਦੇ ਹੋਣਗੇ ਕਿ ਪਿੰਡ ਵਾਲੇ ਤਾਂ ਕੁਝ ਹੋਰ ਹੀ ਕਹਿੰਦੇ ਹਨ।

ਇਨ੍ਹਾਂ ਨਾਵਾਂ ਦੀ ਇੱਕ ਹੋਰ ਖ਼ਾਸੀਅਤ ਹੈ ਕਿ ਇਹ ਸਿਰਫ਼ ਇੱਕ ਬੰਦੇ ਤੱਕ ਸੀਮਤ ਨਹੀਂ ਰਹਿੰਦੇ। ਕਈ ਘਰਾਂ ਦੇ ਨਾਂ ਪੀੜ੍ਹੀਆਂ ਤੱਕ ਚੱਲਦੇ ਹਨ। ਜੇ ਕਿਸੇ ਬਜ਼ੁਰਗ ਦਾ ਕੋਈ ਨਾਂ ਪੈ ਗਿਆ ਤਾਂ ਉਸ ਦੇ ਪੁੱਤਰ ਨੂੰ ਉਸੇ ਨਾਲ ਜੋੜ ਕੇ ਬੁਲਾਇਆ ਜਾਣ ਲੱਗ ਪੈਂਦਾ ਹੈ। ਅੱਗੋਂ ਪੋਤੇ ਦੀ ਵਾਰੀ ਆਉਂਦੀ ਹੈ ਤਾਂ ਉਹ ਵੀ ਉਸੇ ਘਰ ਦੇ ਨਾਂ ਨਾਲ ਜਾਣਿਆ ਜਾਣ ਲੱਗਦਾ ਹੈ। ਹੌਲੀ-ਹੌਲੀ ਪੂਰਾ ਪਰਿਵਾਰ ਉਸ ਨਾਂ ਨਾਲ ਮਸ਼ਹੂਰ ਹੋ ਜਾਂਦਾ ਹੈ। ਪਿੰਡ ਵਿੱਚ ਕੋਈ ਪੁੱਛੇ ਕਿ ਫਲਾਣਾ ਕਿੱਥੇ ਰਹਿੰਦਾ ਹੈ, ਤਾਂ ਹੋ ਸਕਦਾ ਹੈ ਲੋਕਾਂ ਨੂੰ ਉਸ ਦਾ ਨਾਂ ਯਾਦ ਨਾ ਆਵੇ, ਪਰ ਘਰਾਣੇ ਦਾ ਨਾਂ ਦੱਸਦਿਆਂ ਹੀ ਕੋਈ ਨਾ ਕੋਈ ਕਹਿ ਦੇਵੇਗਾ, "ਅੱਛਾ

ਹਰ ਪਾਸੇ ਸੰਕਟ ! ਪੰਜਾਬ ਦਾ ਕਿਸਾਨ ਜਾਵੇ ਕਿੱਧਰ ?

ਗੁਰਪ੍ਰੀਤ 'ਲਾਹੌਰੀ'

ਭਾਵੇਂ ਦੇਸ਼ ਆਜ਼ਾਦ ਹੋਇਆਂ ਨੂੰ ਅੱਠ ਦਹਾਕੇ ਦਾ ਸਮਾਂ ਹੋ ਚੱਲਿਆ, ਪਰ ਇਹਨਾਂ ਅੱਠ ਦਹਾਕਿਆਂ ਦੇ ਵਿੱਚ ਪੰਜਾਬ ਦੀ ਕਿਸਾਨੀ ਉੱਤੇ ਕਈ ਤਰ੍ਹਾਂ ਦੀਆਂ ਹਨੇਰੀਆਂ ਝੁੱਲੀਆਂ ਨੇ। ਇਹ ਮੰਨ ਲਓ ਕਿ ਪੰਜਾਬ ਦੀ ਕਿਸਾਨੀ ਉੱਤੇ ਸਮੇਂ-ਸਮੇਂ ਉੱਪਰ ਜਿਹੜੇ ਸੰਕਟ ਦੇ ਬੱਦਲ ਆਏ ਨੇ, ਉਸ ਦਾ ਕੋਈ ਹੋਰ ਜ਼ਿੰਮੇਵਾਰ ਨਹੀਂ, ਬਲਕਿ ਸਮੇਂ ਦੀਆਂ ਸਰਕਾਰਾਂ ਅਤੇ ਸਮੇਂ ਦਾ ਪ੍ਰਸ਼ਾਸਨ ਹੀ ਰਿਹਾ ਹੈ। ਬੇਸ਼ੱਕ ਦਾਅਵੇ ਅਤੇ ਵਾਅਦੇ ਕਿਸਾਨਾਂ ਦੇ ਨਾਲ ਅਨੇਕਾਂ ਕੀਤੇ ਜਾਂਦੇ ਰਹੇ ਨੇ, ਪਰ ਉਨ੍ਹਾਂ ਨੂੰ ਜ਼ਮੀਨਾਂ ਉੱਤੇ ਲਾਗੂ ਕਰਨ ਲਈ ਕਿਸਾਨਾਂ ਕੋਲੋਂ ਪਹਿਲਾਂ ਤਾਂ ਜ਼ਮੀਨਾਂ ਖੋਹੀਆਂ ਗਈਆਂ ਅਤੇ ਉਸ ਤੋਂ ਬਾਅਦ ਕਿਸਾਨਾਂ ਉੱਪਰ ਅਜਿਹਾ ਦਬਾਅ ਬਣਾ ਦਿੱਤਾ ਗਿਆ ਕਿ ਉਹ ਅੱਜ ਖੇਤੀ ਛੱਡਣ ਲਈ ਵੀ ਮਜਬੂਰ ਹਨ।

ਵੈਸੇ, ਇੱਕ ਪਾਸੇ ਅਸੀਂ ਵਿਸ਼ਵ ਗੁਰੂ ਬਣਨ ਦੇ ਸੁਪਨੇ ਦੇਖ ਰਹੇ ਹਾਂ, ਉੱਥੇ ਦੂਜੇ ਪਾਸੇ ਕਿਸਾਨੀ ਅਜਿਹੇ ਦੌਰ ਵਿੱਚ ਲੰਘ ਰਹੀ ਹੈ, ਜਿੱਥੇ ਮੰਡੀਆਂ ਦੇ ਵਿੱਚ ਵੀ ਕਿਸਾਨਾਂ ਦੀ ਫ਼ਸਲ ਸੁਰੱਖਿਅਤ ਨਹੀਂ। ਖੇਤਾਂ ਦੇ ਵਿੱਚ ਕੁਦਰਤ ਦੀ ਮਾਰ ਹੈ ਅਤੇ ਘਰਾਂ ਉੱਪਰ ਸਰਕਾਰੀ ਪਹਿਰਾ ਹੈ, ਇਹ ਮੰਨ ਲਓ ਕਿ ਹਰ ਪਾਸੇ ਸੰਕਟ ਹੀ ਸੰਕਟ ਹੈ। ਵਿਸ਼ਵ ਗੁਰੂ ਦੇ ਸੁਪਨੇ ਵਿਖਾਉਣ ਵਾਲੇ ਹਾਕਮ ਵੀ ਅੱਜ ਭਾਵੇਂ ਹੀ ਕਿਸਾਨਾਂ ਦਾ ਉਗਾਇਆ ਅੰਨ ਹੀ ਖਾਂਦੇ ਨੇ, ਪਰ ਉਨ੍ਹਾਂ ਦੀਆਂ ਨੀਤੀਆਂ ਅਤੇ ਉਨ੍ਹਾਂ ਦਾ ਕਾਰ ਵਿਹਾਰ ਹਮੇਸ਼ਾ ਕਿਸਾਨ ਵਿਰੋਧੀ ਰਿਹਾ। ਪੰਜਾਬ ਦੀ ਸੱਤਾ 'ਤੇ ਕਾਬਜ਼ ਹੁਕਮਰਾਨ ਵੀ ਕਿਸਾਨਾਂ ਦੇ ਹਮਾਇਤੀ ਅਖਵਾਉਣ ਵਿੱਚ ਵੀ ਪਿੱਛੇ ਨਹੀਂ ਹੱਟ ਰਹੇ, ਪਰ ਅਸਲੀਅਤ ਸਭ ਦੇ ਸਾਹਮਣੇ ਹੈ।

ਖ਼ੈਰ, ਮੁੱਦੇ 'ਤੇ ਵਾਪਸ ਆਉਂਦੇ ਹਾਂ। ਜਲਵਾਯੂ ਪਰਿਵਰਤਨ ਦੇ ਚੱਲਦਿਆਂ ਪੰਜਾਬ ਦੇ ਮੌਸਮ ਵਿੱਚ ਆਈ ਤਬਦੀਲੀ ਨੇ, ਜਿੱਥੇ ਇੱਕ ਦਿਨ ਦੇ ਵਿੱਚ ਹੀ ਪੰਜਾਬ ਦੀਆਂ ਫ਼ਸਲਾਂ ਦਾ ਅਰਬਾਂ ਰੁਪਏ ਦਾ ਨੁਕਸਾਨ ਕਰ ਦਿੱਤਾ, ਉੱਥੇ ਹੀ ਸਰਕਾਰੀ ਖ਼ਰੀਦ ਮੰਡੀਆਂ ਵਿੱਚ ਝੋਨੇ ਦੇ ਰੱਖ ਰਖਾਵ ਲਈ ਆਈ ਵੱਡੀ ਘਾਟ ਅਤੇ ਕਿਸਾਨਾਂ ਦੀ ਡੁੱਬੀ ਫ਼ਸਲ ਨੇ ਸਰਕਾਰ ਅਤੇ ਪ੍ਰਸ਼ਾਸਨ ਦੇ ਦਾਅਵਿਆਂ ਦੀ ਪੋਲ ਖੋਲ ਕੇ ਰੱਖ ਦਿੱਤੀ। ਬੇਸ਼ੱਕ, ਇਹ ਸਮੱਸਿਆ ਕੋਈ ਨਵੀਂ ਨਹੀਂ ਹੈ, ਹਰ ਵਾਰ ਹੀ ਕਿਸਾਨਾਂ ਨੂੰ ਕਿਸੇ ਨਾ ਕਿਸੇ ਤਰੀਕੇ ਦੇ ਨਾਲ ਅਜਿਹੀ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਸਵਾਲ ਇਹ ਹੈ ਕਿ ਆਜ਼ਾਦੀ ਦੇ 8 ਦਹਾਕਿਆਂ ਬਾਅਦ ਵੀ, ਜਿਸ ਦੇਸ਼ ਦੇ ਕਿਸਾਨ ਹੀ ਸੁਰੱਖਿਆ ਨਹੀਂ ਉਸ ਦੇਸ਼ ਦਾ ਭਵਿੱਖ ਕਿੰਦਾਂ ਸੁਰੱਖਿਅਤ ਹੋ ਸਕਦਾ ਹੈ ?

ਪੰਜਾਬ ਵਿੱਚ ਦੋ ਦਿਨ ਪਏ ਮੀਂਹ ਨੇ ਜਿੱਥੇ ਠੰਢ ਵਧਾਈ ਹੈ, ਪਰ ਇਸ ਮੀਂਹ ਨੇ ਕਿਸਾਨਾਂ ਦੀਆਂ ਖੇਤਾਂ 'ਚ ਖੜੀਆਂ ਫ਼ਸਲਾਂ ਤਾਂ ਤਬਾਹ ਕੀਤੀਆਂ ਹੀ, ਨਾਲ ਹੀ ਮੰਡੀਆਂ ਦੇ ਵਿੱਚ ਜਿਹੜੇ ਕਿਸਾਨ ਆਪਣਾ ਝੋਨਾ ਵੱਢ ਕੇ ਲੈ ਕੇ ਗਏ ਸਨ, ਉਸ ਝੋਨੇ ਦੀ ਵੀ ਬੇਕਦਰੀ ਹੋਈ ਹੈ। ਪੰਜਾਬ ਦੀਆਂ ਬਹੁ-ਗਿਣਤੀ ਮੰਡੀਆਂ ਤੋਂ ਅਜਿਹੀਆਂ ਹੀ ਸੂਚਨਾਵਾਂ ਮਿਲੀਆਂ ਕੇ, ਉੱਥੇ ਪੂਰੇ ਪ੍ਰਬੰਧ ਹੀ ਨਹੀਂ ਸਨ। ਸਰਕਾਰ ਅਤੇ ਮੰਤਰੀ ਭਾਵੇਂ ਲੱਖਾਂ ਦਾਅਵੇ ਕਰਦੇ ਰਹਿਣ ਕਿ, ਅਸੀਂ ਪਿਛਲੇ ਚਾਰ ਸਾਲਾਂ ਵਿੱਚ ਚੋਖਾ ਸੁਧਾਰ ਕੀਤਾ ਹੈ, ਅਤੇ ਹੁਣ ਆ ਰਹੀ ਸਮੱਸਿਆ ਦਾ ਕਾਰਨ ਤਤਕਾਲੀ ਸਰਕਾਰਾਂ ਹੀ ਹਨ, ਪਰ ਜੇਕਰ ਅਸਲੀਅਤ 'ਤੇ ਝਾਤ ਮਾਰੀਏ ਤਾਂ ਚਾਰ ਸਾਲ ਕੋਈ ਥੋੜੇ ਨਹੀਂ ਹੁੰਦੇ। ਜੇਕਰ ਮੌਜੂਦਾ ਹਾਕਮਾਂ ਦੇ ਚਾਰ ਸਾਲ ਮਿਲਾ ਕੇ ਪਿਛਲੇ 8 ਦਹਾਕੇ ਮਿਲਾਈਏ ਤਾਂ, ਸਵਾਲ ਇਹੋ ਉੱਠਦਾ ਹੈ ਕਿ, ਜਿਸ ਮੁਲਕ ਦੇ ਕਿਸਾਨਾਂ ਨੂੰ ਆਜ਼ਾਦੀ ਦੇ 80 ਸਾਲਾਂ ਬਾਅਦ ਵੀ, ਮੰਡੀਆਂ ਵਿੱਚ ਉਨ੍ਹਾਂ ਦੀ ਫ਼ਸਲ ਨੂੰ ਰੱਖਣ ਲਈ ਸੁਰੱਖਿਅਤ ਥਾਂ ਨਹੀਂ ਦਿੱਤੀ ਜਾ ਰਹੀ ਤਾਂ, ਕਿਵੇਂ ਮੰਨ ਲਿਆ ਜਾਵੇ ਕਿਸਾਨੀ ਸੁਰੱਖਿਅਤ ਹੈ ?

ਕਰਜ਼ੇ ਦੀ ਮਾਰ ਹੇਠ ਦੱਬੇ ਕਿਸਾਨ ਜਿੱਥੇ ਪਹਿਲਾਂ ਹੀ ਕਈ ਸਮੱਸਿਆਵਾਂ ਦੇ ਨਾਲ ਜੂਝ ਰਹੇ ਨੇ, ਉੱਥੇ ਹੀ ਜੇਕਰ ਉਹ ਖੇਤਾਂ ਵਿੱਚੋਂ ਆਪਣੀ ਫ਼ਸਲ ਵੱਢ ਕੇ ਸੁਰੱਖਿਅਤ ਥਾਂ, ਯਾਨੀ ਕਿ ਮੰਡੀ ਦੇ ਵਿੱਚ ਲਿਆ ਕੇ ਵੇਚਣਾ ਚਾਹੁੰਦੇ ਨੇ ਤਾਂ, ਉੱਥੇ ਵੀ ਉਨ੍ਹਾਂ ਦੀ ਫ਼ਸਲ ਦਾ ਕਦਰ ਨਹੀਂ ਪੈ ਰਹੀ, ਕਿਉਂਕਿ ਉੱਥੇ ਪ੍ਰਬੰਧ ਤਾਂ ਨਹੀਂ ਹਨ, ਨਾਲ ਹੀ ਮੰਡੀਆਂ ਦੇ ਵਿੱਚ ਲੱਕ-ਲੱਕ ਜਿੱਡਾ ਪਾਣੀ ਖੜਾ ਹੋਣ ਦੇ ਕਾਰਨ ਕਿਸਾਨ ਰੋ ਕੁਰਲਾ ਰਹੇ ਨੇ। ਸਭ ਤੋਂ ਵੱਧ ਅਤੇ ਦੁਖਦਾਈ ਵੀਡੀਓ ਸਰਹੱਦੀ ਜ਼ਿਲ੍ਹੇ ਫ਼ਾਜ਼ਿਲਕਾ ਤੋਂ ਸਾਹਮਣੇ ਆਈ, ਜਿੱਥੇ ਲੱਕ-ਲੱਕ ਜਿੱਡਾ ਪਾਣੀ ਮੰਡੀਆਂ ਵਿੱਚ ਖੜਾ ਵਿਖਾਈ ਦਿੱਤਾ, ਕਿਸਾਨ ਮੰਡੀਆਂ ਦੇ ਵਿੱਚ ਡੁੱਬੀ ਆਪਣੀ ਸੁੱਕੀ ਝੋਨੇ ਦੀ ਫ਼ਸਲ ਵਿਖਾਉਂਦੇ ਨਜ਼ਰ ਆਏ। ਕਿਸਾਨਾਂ ਦਾ ਕਹਿਣਾ ਸੀ ਕਿ ਅਸੀਂ ਆਪਣੀਆਂ ਫ਼ਸਲਾਂ ਸੁੱਕੀਆਂ ਲੈ ਕੇ ਮੰਡੀ ਵਿੱਚ ਆਏ ਸੀ, ਪਰ ਇੱਕੋ ਮੀਂਹ ਨੇ ਹੀ ਜਿੱਥੇ ਪ੍ਰਸ਼ਾਸਨ ਅਤੇ ਸਰਕਾਰ ਦੇ ਪ੍ਰਬੰਧਾਂ ਦੀ ਪੋਲ ਖੋਲ ਕੇ ਰੱਖ ਦਿੱਤੀ, ਉੱਥੇ ਹੀ ਦੂਜੇ ਪਾਸੇ ਸਾਡੀਆਂ ਮਿਹਨਤਾਂ 'ਤੇ ਵੀ ਪਾਣੀ ਫੇਰ ਦਿੱਤਾ ਹੈ।

ਇੱਕ ਕਿਸਾਨ ਨੇ ਤਾਂ ਰੋਂਦੇ ਹੋਏ ਇੱਥੋਂ ਤੱਕ ਕਹਿ ਦਿੱਤਾ ਕਿ, ਜਿਹੜਾ ਪ੍ਰਸ਼ਾਸਨ ਅਤੇ ਸਰਕਾਰ ਪਰਾਲੀ ਨੂੰ ਸਾੜਨ ਤੋਂ ਰੋਕਣ ਲਈ ਲੱਖਾਂ ਰੁਪਏ ਪ੍ਰਚਾਰ-ਪ੍ਰਸਾਰ 'ਤੇ ਖ਼ਰਚ ਕਰ ਰਹੀ ਹੈ, ਉਹ ਕਿਸਾਨਾਂ ਨੂੰ ਸੁਰੱਖਿਅਤ ਮੰਡੀਆਂ ਕਿਉਂ ਨਹੀਂ ਦੇ ਰਹੀ ? ਕਿਉਂ ਕਿਸਾਨਾਂ ਦੇ ਨਾਲ ਧੋਖਾ ਕੀਤਾ ਜਾ ਰਿਹਾ ਹੈ। ਕਿਸਾਨਾਂ ਨੂੰ ਕਿਉਂ ਖੇਤੀ ਛੱਡਣ ਲਈ ਮਜਬੂਰ ਕੀਤਾ ਜਾ ਰਿਹਾ ਹੈ ? ਇੱਕ ਹੋਰ ਕਿਸਾਨ ਨੇ ਆਪਣਾ ਦੁਖੜਾ ਰੋਂਦਿਆਂ ਕਿਹਾ ਕਿ, ਉਹ ਦੋ ਟਰਾਲੀਆਂ ਝੋਨੇ ਦੀਆਂ ਲੈ ਕੇ ਮੰਡੀ ਵਿੱਚ ਆਇਆ ਸੀ, ਪਰ ਇੱਕੋ ਮੀਂਹ ਨੇ ਰਾਤ ਵੇਲੇ ਉਸਦਾ ਡੇਢ ਟਰਾਲੀ ਝੋਨਾ ਪਾਣੀ ਵਿੱਚ ਰੋੜ੍ਹ ਦਿੱਤਾ, ਜਦੋਂ ਉਹਦੀ ਜਾਗ ਖੁੱਲੀ ਤਾਂ ਅੱਧੀ ਟਰਾਲੀ ਝੋਨਾ ਮੰਡੀ ਵਿੱਚ ਪਿਆ ਸੀ, ਉਹ ਤਾਂ ਇਹ ਵੇਖ ਕੇ ਹੈਰਾਨ ਸੀ ਕਿ ਉਸ ਦੇ ਨਾਲ ਹੋ ਕੀ ਗਿਆ ?

ਦੱਸਦੇ ਚੱਲੀਏ ਕਿ, ਮੌਸਮ ਦੀ ਮਾਰ ਵੀ ਅਮੀਰ ਗ਼ਰੀਬ ਵੇਖ ਕੇ ਹੀ ਪੈਂਦੀ ਹੈ। ਜਦੋਂ ਵੀ ਕੋਈ ਸੰਕਟ ਆਉਂਦਾ ਹੈ ਤਾਂ ਸਭ ਤੋਂ ਪਹਿਲਾਂ ਛੋਟੇ ਲੋਕ ਹੀ ਮਰਦੇ ਨੇ। ਬੇਸ਼ੱਕ ਸਰਕਾਰਾਂ ਸਮੇਂ-ਸਮੇਂ 'ਤੇ ਛੋਟੇ ਕਿਸਾਨਾਂ ਨੂੰ ਕਈ ਤਰ੍ਹਾਂ ਦੇ ਲਾਭ ਦੇਣ ਲਈ ਨਵੀਆਂ-ਨਵੀਆਂ ਸਕੀਮਾਂ ਚਲਾਉਣ ਦੀਆਂ ਗੱਲਾਂ ਕਰਦੀਆਂ ਨੇ, ਪਰ ਅਸਲੀਅਤ ਸਭ ਦੇ ਸਾਹਮਣੇ ਹੈ। ਸਕੀਮਾਂ ਦਾ ਲਾਭ ਵੱਡਿਆਂ ਅਤੇ ਧਨਾਢ ਲੋਕਾਂ ਨੂੰ ਮਿਲਦਾ ਹੈ, ਛੋਟਾ ਕਿਸਾਨ ਹਮੇਸ਼ਾ ਹੀ ਰਗੜਿਆ ਜਾਂਦਾ ਰਿਹਾ ਹੈ।

ਜਿਹੜੀਆਂ ਸਰਕਾਰਾਂ ਅੱਠ ਦਾ ਦਹਾਕਿਆਂ ਵਿੱਚ ਕਿਸਾਨਾਂ ਨੂੰ ਸੁਰੱਖਿਅਤ ਮੰਡੀਆਂ ਨਹੀਂ ਦੇ ਸਕੀਆਂ, ਉਨ੍ਹਾਂ ਤੋਂ ਹੋਰ ਕੀ ਉਮੀਦ ਕੀਤੀ ਜਾ ਸਕਦੀ ਹੈ ? ਕੀ ਉਹ ਸਾਨੂੰ ਚੰਗੇ ਬੀਜ ਦੇ ਦੇਣਗੀਆਂ ? ਕੀ ਉਹ ਕਿਸਾਨਾਂ ਦੀਆਂ ਫ਼ਸਲਾਂ ਦੀ ਸੁਰੱਖਿਆ ਕਰ ਸਕਣਗੀਆਂ ? ਪੰਜਾਬ ਦੀ ਮਿੱਟੀ-ਪਾਣੀ ਵਿੱਚ ਤਾਂ ਪਹਿਲਾਂ ਹੀ ਜ਼ਹਿਰ ਮਿਲ ਚੁੱਕਿਆ ਹੈ। ਜਿਸ ਦਾ ਦੋਸ਼ ਹਮੇਸ਼ਾ ਹੀ ਇੱਕ ਮੀਡੀਆ ਦੇ ਇੱਕ ਹਿੱਸੇ ਤੋਂ ਇਲਾਵਾ ਅਖੌਤੀ ਧਿਰਾਂ ਦੇ ਵੱਲੋਂ ਕਿਸਾਨਾਂ 'ਤੇ ਮੜਿਆ ਜਾਂਦਾ ਹੈ, ਪਰ ਕਦੇ ਵੀ ਇਸ ਵੱਲ ਧਿਆਨ ਨਹੀਂ ਦਿੱਤਾ ਜਾਂਦਾ ਕਿ ਕਿਸਾਨਾਂ ਨੂੰ ਇਹ ਸਭ ਕੁੱਝ (ਪੈਸਟੀਸਾਈਡ ਦਵਾਈਆਂ, ਗ਼ਲਤ ਬੀਜ ਆਦਿ) ਵੇਚ ਕੌਣ ਰਿਹਾ ਹੈ ? ਅਸਲ ਦੇ ਵਿੱਚ ਸਰਕਾਰ ਦੀਆਂ ਕੰਪਨੀਆਂ, ਇਸ ਤੋਂ ਇਲਾਵਾ ਸਰਕਾਰ ਨੇ ਜਿੰਨਾ ਨੂੰ ਲਾਇਸੈਂਸ ਦਿੱਤੇ ਨੇ, ਉਹ ਕੰਪਨੀਆਂ ਹੀ ਕਿਸਾਨਾਂ ਨੂੰ ਇਹ ਪੈਸਟੀਸਾਈਡ ਵੇਚ ਰਹੀਆਂ ਨੇ, ਕਿਸਾਨ ਨੂੰ ਕੋਈ ਸ਼ੌਕ ਨਹੀਂ ਪਿਆ ਕਿ, ਉਹ ਇਹੋ ਜਿਹੀਆਂ ਪੈਸਟੀਸਾਈਡ ਪਾ ਕੇ ਫ਼ਸਲਾਂ ਉਗਾਵੇ, ਕਿਸਾਨ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ, ਉਹ ਵੱਧ ਤੋਂ ਵੱਧ ਫ਼ਸਲ ਦਾ ਝਾੜ ਪੈਦਾ ਕਰੇ।

ਪਰ ਜਦੋਂ ਕਿਸਾਨ ਛੇ ਮਹੀਨਿਆਂ ਦੀ ਮਿਹਨਤ ਕਰਕੇ ਆਪਣੀ ਫ਼ਸਲ ਨੂੰ ਪਾਲ ਪੋਸ ਕੇ ਵੱਡਾ ਕਰਨ ਤੋਂ ਇਲਾਵਾ ਵੱਢ ਕੇ ਮੰਡੀ ਵਿੱਚ ਲੈ ਕੇ ਆਉਂਦਾ ਹੈ ਤਾਂ ਉੱਥੇ ਉਸ ਦੀ ਫ਼ਸਲ ਦੀ ਕਦਰ ਨਹੀਂ ਪੈਂਦੀ। ਪੰਜਾਬ ਵਿੱਚ ਦੋ ਫ਼ਸਲਾਂ ਹੀ ਹਨ, ਜਿੰਨਾ 'ਤੇ ਕਿਸਾਨਾਂ ਨੂੰ ਐਮ.ਐਸ.ਪੀ ਮਿਲਦੀ ਹੈ, ਪਰ ਉਹ ਫ਼ਸਲਾਂ ਵੀ ਅੱਜ ਡੂੰਘੇ ਸੰਕਟ ਵਿੱਚ ਘਿਰ ਚੁੱਕੀਆਂ ਹਨ। ਪੰਜਾਬ ਦਾ ਆਮ ਇਨਸਾਨ ਕਣਕ ਝੋਨੇ ਤੋਂ ਇਲਾਵਾ ਬੇਸ਼ੱਕ ਵਿਦੇਸ਼ੀ ਫੂਡ ਖਾਣਾ ਪਸੰਦ ਕਰਦਾ ਹੋਵੇਗਾ, ਪਰ ਕਣਕ ਝੋਨੇ ਤੋਂ ਬਿਨਾਂ ਸਰਦਾ ਉਨ੍ਹਾਂ ਦਾ ਵੀ ਨਹੀਂ। ਜਿੰਨਾ ਫ਼ਸਲਾਂ ਉੱਪਰ ਕਿਸਾਨਾਂ ਨੂੰ ਐਮ.ਐਸ.ਪੀ ਮਿਲਦੀ ਹੈ ਜੇਕਰ ਉਹ ਹੀ ਫ਼ਸਲਾਂ ਬਰਬਾਦ ਹੋ ਜਾਣ ਸਰਕਾਰਾਂ ਦੀਆਂ ਨੀਤੀਆਂ ਦੇ ਕਾਰਨ, ਤਾਂ ਸਮਝ ਲਿਆ ਜਾਵੇ ਕਿ ਕਿਸਾਨੀ ਸੰਕਟ ਤੋਂ ਵੀ ਗਹਿਰੇ ਸੰਕਟ ਵਿੱਚ ਜਾ ਡੁੱਬੀ ਹੈ।

ਬੇਸ਼ੱਕ ਕੇਂਦਰ 20 ਤੋਂ ਵੱਧ ਫ਼ਸਲਾਂ ਉੱਪਰ ਐਮ.ਐਸ.ਪੀ ਦੇਣ ਦੀ ਗੱਲ ਕਰਦੀ ਹੈ, ਪਰ ਅਸਲੀਅਤ ਤਾਂ ਸਭ ਦੇ ਸਾਹਮਣੇ ਹੈ। ਅਖ਼ਬਾਰੀ ਗੱਲਾਂ ਦੇ ਵਿੱਚ ਤਾਂ ਕਿਸਾਨਾਂ ਨੂੰ ਅਮੀਰ ਅਤੇ ਹੋਰ ਪਤਾ ਨਹੀਂ ਕੀ ਕੁੱਝ ਬਣਾ ਦਿੱਤਾ ਜਾਂਦਾ ਹੈ, ਪਰ ਜਦੋਂ ਜ਼ਮੀਨ ਉੱਪਰ ਕਿਸਾਨ ਦੀ ਹਾਲਤ ਜਾਣੀ ਜਾਂਦੀ ਹੈ ਤਾਂ ਪਤਾ ਲੱਗ ਜਾਂਦਾ ਹੈ ਕਿ, ਕਿਸਾਨੀ ਕਿਸ ਮੋੜ 'ਤੇ ਆਣ ਕੇ ਖੜੀ ਹੈ ?

ਇੱਥੇ ਸਭ ਤੋਂ ਦੁਖਦਾਈ ਗੱਲ ਇਹ ਹੈ ਕਿ ਪੰਜਾਬ ਉੱਪਰ ਪਿਛਲੇ ਸਾਲ ਆਏ ਹੜ੍ਹਾਂ ਨੇ ਕਿਸਾਨ ਨੂੰ ਪੂਰੀ ਤਰ੍ਹਾਂ ਲਤਾੜ ਕੇ ਰੱਖ ਦਿੱਤਾ ਸੀ ਅਤੇ ਕਿਸਾਨਾਂ ਦੀਆਂ ਫ਼ਸਲਾਂ ਦਾ ਵੱਡੇ ਪੱਧਰ 'ਤੇ ਨੁਕਸਾਨ ਹੋਇਆ ਸੀ। 4 ਲੱਖ ਤੋਂ ਵੱਧ ਲੋਕ ਹੜ੍ਹਾਂ ਦੇ ਕਾਰਨ ਪ੍ਰਭਾਵਿਤ ਹੋਏ ਸਨ, ਪਰ ਇੱਕ ਸਾਲ ਮਗਰੋਂ ਵੀ ਪੰਜਾਬ ਬੇਸ਼ੱਕ ਆਰਥਿਕ ਪੱਖੋਂ ਅੰਦਰੋਂ ਕਮਜ਼ੋਰ ਹੋਇਆ, ਪਰ ਪੰਜਾਬੀਆਂ ਦੇ ਹੌਸਲੇ ਇੰਨੇ ਜ਼ਿਆਦਾ ਬੁਲੰਦ ਨੇ ਕਿ ਉਹ ਹੜ੍ਹਾਂ ਮੂਹਰੇ ਵੀ ਝੁਕੇ ਨਹੀਂ। ਪੰਜਾਬੀਆਂ ਨੇ ਹੜ੍ਹਾਂ ਦਾ ਮੁਕਾਬਲਾ ਕੀਤਾ ਅਤੇ ਉਹ ਸੰਕਟ ਵਿੱਚੋਂ ਖ਼ੁਦ ਹੀ ਬਾਹਰ ਨਿਕਲੇ।

ਕੇਂਦਰ ਅਤੇ ਸੂਬਾ ਸਰਕਾਰਾਂ ਨੇ ਪੰਜਾਬੀਆਂ ਨੂੰ ਸਿਵਾਏ ਲਾਰੇਬਾਜ਼ੀ ਅਤੇ ਬਿਆਨਬਾਜ਼ੀ ਤੋਂ ਇਲਾਵਾ ਕੁੱਝ ਨਹੀਂ ਦਿੱਤਾ। ਜਿੱਥੇ ਪਿਛਲੇ ਸਾਲ ਆਏ ਹੜ੍ਹਾਂ ਨੇ ਫ਼ਸਲਾਂ ਦਾ ਵੱਡੇ ਪੱਧਰ ਉੱਤੇ ਨੁਕਸਾਨ ਕੀਤਾ, ਉੱਥੇ ਹੀ ਇਸ ਵਾਰ ਜਦੋਂ ਕਿਸਾਨ ਆਪਣੀਆਂ ਫ਼ਸਲਾਂ ਵੱਢ ਕੇ ਸੁਰੱਖਿਅਤ ਮੰਡੀਆਂ ਵਿੱਚ ਲੈ ਕੇ ਗਏ ਤਾਂ, ਉੱਥੇ ਵੀ ਕੁਦਰਤ ਨੇ ਉਨ੍ਹਾਂ ਦਾ ਪਿੱਛਾ ਨਹੀਂ ਛੱਡਿਆ ਅਤੇ ਕਿਸਾਨਾਂ ਦੀਆਂ ਫ਼ਸਲਾਂ ਨੂੰ ਪੂਰੇ ਤਰੀਕੇ ਦੇ ਨਾਲ ਬਰਬਾਦ ਕਰਕੇ ਰੱਖ ਦਿੱਤਾ। ਇਸ ਵਿੱਚ ਵੈਸੇ ਵੇਖਿਆ ਜਾਵੇ ਤਾਂ ਕੁਦਰਤ ਦਾ ਕੋਈ ਦੋਸ਼ ਨਹੀਂ, ਸਿੱਧੇ ਹੀ ਸ਼ਬਦਾਂ ਵਿੱਚ ਕਹੀਏ ਤਾਂ ਦੋਸ਼ ਉਸ ਹਾਕਮ ਧਿਰ ਦਾ ਹੈ, ਜਿਸ ਨੂੰ ਵੋਟਾਂ ਪਾ ਕੇ ਸੱਤਾ ਦੇ ਵਿੱਚ ਲਿਆਂਦਾ ਗਿਆ, ਪਰ ਉਹ ਇਸ ਵੇਲੇ ਗੱਲ ਸੁਣਨ ਦੀ ਬਜਾਏ ਪਿਛਲੀਆਂ ਸਰਕਾਰਾਂ ਨੂੰ ਕੋਸਦੀ ਹੋਈ ਨਜ਼ਰ ਆ ਰਹੀ।

ਇਹ ਤਾਂ ਉਹੀ ਗੱਲ ਹੋਈ, ਬੁਖ਼ਾਰ ਅੱਜ ਚੜਿਆ ਹੈ ਅਤੇ ਦੋਸ਼ ਦਹਾਕਾ ਪਹਿਲਾਂ ਲਈ ਗਈ, ਉਸ ਇੱਕ ਗੋਲੀ ਨੂੰ ਦੇ ਦਿੱਤਾ ਜਾਵੇ, ਜਿਸਨੇ ਬੁਖ਼ਾਰ ਉਤਾਰਿਆ ਸੀ, ਕਿ ਅਖ਼ੇ ਉਹ ਗੋਲੀ ਬੁਖ਼ਾਰ ਝੜਾਉਣ ਵਾਲੀ ਸੀ, ਲਾਉਣ ਵਾਲੀ ਨਹੀਂ! ਅਜੋਕੇ ਹਾਕਮਾਂ ਦਾ ਵੀ ਇਹੋ ਹਾਲ ਹੈ। ਵੈਸੇ, ਦਸਾਂ ਸਾਲਾਂ ਵਿੱਚ ਬਦਲ ਤਾਂ ਬੜਾ ਕੁੱਝ ਗਿਆ, ਪਰ ਹਾਕਮਾਂ ਦੀ ਜ਼ੁਬਾਨ ਅਤੇ ਨਫ਼ਰਤ ਭਰੀ ਬਿਆਨਬਾਜ਼ੀ ਨਹੀਂ ਬਦਲੀ। ਓਹਦੇ ਵੇਖੀਏ ਤਾਂ ਸਾਡੇ ਮੁਲਕ ਦੇ ਹਾਕਮਾਂ ਵਿੱਚ ਇੱਕ ਤਾਂ ਖ਼ਾਸ ਗੱਲ ਹੈ ਕਿ ਇਹ ਆਪਣੀ ਗ਼ਲਤੀ ਕਦੇ ਵੀ ਨਹੀਂ ਮੰਨਦੇ। ਬਲਕਿ ਆਪਣੀ ਗ਼ਲਤੀ ਦਾ ਦੋਸ਼ ਪਿਛਲੀਆਂ ਸਰਕਾਰਾਂ ਉੱਪਰ ਮੜਨ ਤੋਂ ਪਿਛਾਂਹ ਨਹੀਂ ਹਟਦੇ।

ਖ਼ੈਰ, ਕਹਿਣ ਨੂੰ ਬਥੇਰਾ ਕੁੱਝ ਹੈ, ਪਰ ਸਵਾਲ ਇੱਥੇ ਸਪਸ਼ਟ ਹਨ ਕਿ ਕੀ ਸਰਕਾਰਾਂ ਅੱਠ ਦਹਾਕਿਆਂ ਬਾਅਦ ਵੀ ਕਿਸਾਨਾਂ ਨੂੰ ਮੰਡੀਆਂ ਦੇ ਵਿੱਚ ਸੁਰੱਖਿਆ ਪ੍ਰਬੰਧ ਅਤੇ ਉਨ੍ਹਾਂ ਦੀ ਫ਼ਸਲ ਨੂੰ ਸਹੀ ਤਰੀਕੇ ਦੇ ਨਾਲ ਖ਼ਰੀਦਣ ਵਾਸਤੇ ਤਿਆਰ ਹੋਣਗੀਆਂ ? ਅਖ਼ਬਾਰੀ ਦਾਅਵਿਆਂ ਅਤੇ ਸਰਕਾਰੀ ਬਿਆਨਾਂ ਤੋਂ ਬਾਹਰ ਨਿਕਲ ਕੇ ਹਾਕਮਾਂ ਨੂੰ ਵੇਖਣਾ ਪਵੇਗਾ ਕਿ ਕਿਸਾਨਾਂ ਨੂੰ ਸਮੱਸਿਆ ਆ ਕਿੱਥੇ ਰਹੀ ਹੈ ? ਕਿਸਾਨ ਧਰਨੇ ਲਾ ਰਹੇ ਨੇ, ਹਾਈਵੇ ਜਾਮ ਕਰ ਰਹੇ ਨੇ, ਪਰ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਬਜਾਏ, ਉਨ੍ਹਾਂ ਉੱਪਰ ਲਾਠੀ ਡੰਡੇ ਬਰਸਾਏ ਜਾ ਰਹੇ ਨੇ। ਜੇਕਰ ਕਿਸਾਨਾਂ ਦੀਆਂ ਸਮੱਸਿਆਵਾਂ ਸੁਣਨ ਦੀ ਬਜਾਏ, ਉਨ੍ਹਾਂ ਉੱਪਰ ਲਾਠੀ ਡੰਡੇ ਬਰਸਾਏ ਜਾਣਗੇ ਤਾਂ ਸਾਫ਼ ਅਤੇ ਸਪਸ਼ਟ ਸ਼ਬਦਾਂ ਵਿੱਚ ਹਾਕਮਾਂ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਇੱਥੇ ਕੋਈ ਵੀ ਪੱਕਾ ਕੁਰਸੀ ਦੇ ਨਾਲ ਨਹੀਂ ਬੱਝਿਆ

ਚਰਚਾ ਦਾ ਵਿਸ਼ਾ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ....

ਸਾਡੇ ਕੌਮੀ ਆਗੂਆਂ ਨੂੰ ਸੋਚਣ ਦੀ ਲੋੜ

ਸ਼ਿੰਦਰ ਸਿੰਘ ਮੀਰਪੁਰੀ
5592850841

– ਪਿਛਲੇ ਲੰਬੇ ਸਮੇਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਹੁਤ ਸਾਰੇ ਮਾਮਲਿਆਂ ਦੇ ਵਿੱਚ ਘਿਰ ਕੇ ਚਰਚਾ ਦਾ ਵਿਸ਼ਾ ਬਣ ਰਹੀ ਹੈ । ਜੇਕਰ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਿਛਲੇ ਇਤਿਹਾਸ ਤੇ ਝਾਤ ਮਾਰੀਏ ਤਾਂ ਇਸ ਦਾ ਨਿਰਮਾਣ ਬਹੁਤ ਸਾਰੀਆਂ ਕੁਰਬਾਨੀਆਂ ਅਤੇ ਸੰਘਰਸ਼ਾਂ ਦੇ ਵਿੱਚੋਂ ਲੰਘ ਕੇ ਹੋਇਆ ਹੈ ਸਾਡੇ ਪੁਰਾਤਨ ਟਕਸਾਲੀ ਅਕਾਲੀ ਆਗੂਆਂ ਨੇ ਆਪਣੇ ਘਰ ਘਾਟ ਤਬਾਹ ਕਰਵਾ ਕੇ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਨਿਰਮਾਣ ਕੀਤਾ ਸੀ ਕਰੀਬ 105 ਬਾਰੇ ਪਹਿਲਾਂ ਇਸ ਪਾਰਟੀ ਦਾ ਹੋਂਦ ਵਿੱਚ ਆਉਣਾ ਪੂਰੇ ਪੰਜਾਬ ਅਤੇ ਸਿੱਖ ਭਾਈਚਾਰੇ ਲਈ ਵੱਡੀ ਗੱਲ ਸੀ ਕਿਉਂਕਿ ਖੇਤਰੀ ਪਾਰਟੀ ਆਪਣੇ ਸੂਬੇ ਦੇ ਹਿੱਤਾਂ ਖਾਤਰ ਅੱਗੇ ਹੋ ਕੇ ਲੜਾਈ ਲੜਦੀ ਹੈ ਅਤੇ ਖਾਸ ਕਰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਵੀ ਕੁਰਬਾਨੀਆਂ ਨਾਲ ਭਰਪੂਰ ਹੈ ।

ਬਿਨਾ ਸੱਕ ਜੇ ਇਸ ਦੇ ਪੁਰਾਤਨ ਟਕਸਾਲੀ ਜਥੇਦਾਰਾਂ ਤੋਂ ਇਲਾਵਾ ਸੀਨੀਅਰ ਆਗੂਆਂ ਦੀ ਗੱਲ ਕਰਨੀ ਹੋਵੇ ਤਾਂ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਜਥੇਦਾਰ ਮੋਹਣ ਸਿੰਘ ਤੁੜ, ਜਥੇਦਾਰ ਦਲੀਪ ਸਿੰਘ ਤਲਵੰਡੀ, ਜਥੇਦਾਰ ਲਛਮਣ ਸਿੰਘ ਵਰਗੇ ਆਗੂ ਕੌਮ ਦੀ ਅਗਵਾਈ ਕਰਦੇ ਸਨ ਉਸ ਤੋਂ ਪਹਿਲਾਂ ਸੰਤ ਫਤਿਹ ਸਿੰਘ, ਤਾਰਾ ਸਿੰਘ ਆਦਿ ਆਗੂਆਂ ਨੇ ਕੌਮ ਦੀ ਅਗਵਾਈ ਕੀਤੀ ਭਾਵੇਂ ਇਹਨਾਂ ਵਿੱਚੋਂ ਕਈ ਆਗੂਆਂ ਦਾ ਅਕਸ ਵੀ ਵਿਵਾਦਾਂ ਵਿੱਚ ਘਿਰਿਆ ਰਿਹਾ । ਸ਼੍ਰੋਮਣੀ ਕਮੇਟੀ ਨੇ ਲੰਬਾ ਸਮਾਂ ਪੰਥ ਨੂੰ ਅਗਵਾਈ ਦਿੱਤੀ ਅਤੇ ਪੰਥ ਦੇ ਬਹੁਤ ਸਾਰੇ ਤਮਾਮ ਮਸਲੇ ਹੱਲ ਵੀ ਕਰਵਾਏ ਵਿਦੇਸ਼ਾਂ ਅੰਦਰ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੜਤ ਰਹੀ ਅਤੇ ਬਾਕੀ ਸੂਬਿਆਂ ਅੰਦਰ ਵੀ ਬਹੁਤ ਸਾਰਾ ਬੋਲ ਵਾਲਾ ਰਿਹਾ । ਇਹ ਪੁਰਾਤਨ ਗੱਲਾਂ ਸਨ ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਅਤੇ ਬਾਕੀ ਕਈ ਆਗੂਆਂ ਦੇ ਕਾਰਜ ਕਾਲ ਸਮੇਂ ਸ਼੍ਰੋਮਣੀ ਕਮੇਟੀ ਦੀ ਬਾਕੀ ਸੂਬਿਆਂ ਅੰਦਰ ਤੂਤੀ ਬੋਲਦੀ ਸੀ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਦਿੱਲੀ ਕਿਸੇ ਸਿੱਖ ਆਗੂ ਨੂੰ ਮਿਲਣ ਜਾਂਦਾ ਸੀ ਤਾਂ ਉਹ ਉੱਠ ਕੇ ਮਿਲਦੇ ਸਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਕੋਈ ਵੀ ਗੱਲ ਮੁੜਦੀ ਨਹੀਂ ਸੀ ਉਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦਾ ਵੀ ਬਹੁਤ ਸਤਿਕਾਰ ਦਿੱਲੀ ਦੇ ਲੀਡਰ ਕਰਦੇ ਸਨ । ਪਰ ਹੁਣ ਇਹ ਗੱਲਾਂ ਇੰਜ ਲੱਗਦੀਆਂ ਨੇ ਜਿਵੇਂ ਬੀਤੇ ਵਰ੍ਹੇ ਦੀਆਂ ਕਹਾਣੀਆਂ ਹੋਣ ਜਥੇਦਾਰ ਟੌਹੜਾ ਦੇ ਜਾਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਵਿਵਾਦਾਂ ਵਿੱਚ ਘਿਰ ਗਈ ਉੱਥੇ ਘਪਲੇ ਸਾਹਮਣੇ ਆਏਆ ਤੇ ਬਹੁਤ ਨੁਕਸਾਨ ਹੋਇਆ ।

ਹੁਣ ਪਿਛਲੇ ਸਮੇਂ ਤੋਂ ਤਾਂ ਇੰਜ ਜਾਪਦਾ ਹੈ ਜਿਵੇਂ ਸ਼੍ਰੋਮਣੀ ਕਮੇਟੀ ਤੇ ਕੋਈ ਕਰੋਪੀ ਆਈ ਹੋਵੇ । ਕੁਝ ਸਮਾਂ ਪਹਿਲਾਂ ਸੁੱਚੇ ਲੰਗਾਹ ਦੀ ਵੀਡੀਓ ਨੇ ਘਸਮਾਨ ਪਾਕੇ ਰੱਖ ਦਿੱਤਾ ਤੇ ਵਿਸਵ ਪੱਧਰ ਤੇ ਸਿੱਖਾਂ ਦੀ ਬਦਨਾਮੀ ਹੋਈ । ਉਸ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਬਾਦਲ 'ਤੇ ਬਰਗਾੜੀ ਅਤੇ ਬਹਿਬਲ ਕਲਾਂ ਵਿਖੇ ਗੋਲੀ ਕਾਂਡ ਕਰਵਾਉਣ ਦਾ ਲੱਗਿਆ ਦਾਗ ਪਾਰਟੀ ਦੀ ਬਦਨਾਮੀ ਕਰਵਾ ਗਿਆ ਅਤੇ ਹੋਰਨਾਂ ਸੂਬਿਆਂ ਅੰਦਰ ਵੀ ਵੱਡੇ ਪੱਧਰ ਤੇ ਨੁਕਸਾਨ ਹੁੰਦਾ ਗਿਆ । ਇਹਨਾਂ ਘਟਨਾਵਾਂ ਵੇਲੇ ਪੰਜਾਬ ਦੇ ਅੰਦਰ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਰਕਾਰ ਸੀ ਤੇ ਸੁਖਬੀਰ ਸਿੰਘ ਬਾਦਲ ਉਪ ਮੁੱਖ ਮੰਤਰੀ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਅਕਾਲੀ ਭਾਜਪਾ ਨਾਲ ਗੱਠਜੋੜ ਹੋਣ ਦੇ ਚਲਦਿਆਂ ਇਹ ਸਭ ਕੁਝ ਵਾਪਰਿਆ ਸੀ ।

? ਉਸ ਤੋਂ ਬਾਅਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਤਾਜਪੋਸ਼ੀ ਸਮੇਂ ਜੋ ਕੁਝ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਵਾਪਰਿਆ ਉਸ ਨੇ ਵੀ ਸਿੱਖੀ ਦਾ ਸਿਰ ਨੀਵਾਂ ਕੀਤਾ । ਰਾਤ ਨੂੰ ਕੁਲਦੀਪ ਸਿੰਘ ਗੜਗੱਜ ਨੂੰ ਜਥੇਦਾਰੀ ਸੰਭਾਲ ਦਿੱਤੀ ਗਈ । ਬਾਕੀ ਸ਼੍ਰੋਮਣੀ ਕਮੇਟੀ ਦੇ ਅਧਿਕਾਰ ਖੇਤਰ ਦੀ ਗੱਲ ਕਰੀਏ ਤਾਂ ਉੱਥੇ ਘਿਓ ਨੂੰ ਲੈ ਕੇ, ਛੁਕੀਆਂ ਰੋਟੀਆਂ ਨੂੰ ਲੈ ਕੇ, ਕਮਰਿਆਂ ਨੂੰ ਲੈ ਕੇ, ਬੱਚਿਆਂ ਨੂੰ ਲੈ ਕੇ, ਬੀਬੀਆਂ ਨਾਲ ਜੋ ਕੁਝ ਹੋ ਰਿਹਾ ਹੈ । ਇਨ੍ਹਾਂ ਘਟਨਾਵਾਂ ਨੇ ਸ਼੍ਰੋਮਣੀ ਕਮੇਟੀ ਦੇ ਅਕਸ ਉੱਤੇ ਸਵਾਲ ਖੜੇ ਕੀਤੇ ਹਨ । ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਸ਼੍ਰੋਮਣੀ ਕਮੇਟੀ ਵੱਲੋਂ ਕਾਲਜ ਵਿੱਦਿਆਕ ਸੰਸਥਾਵਾਂ ਵੀ ਚਲਾਈਆਂ ਜਾ ਰਹੀਆਂ ਹਨ ਜੋ ਵਧੀਆ ਗੱਲ ਹੈ ਬਾਕੀ ਸੂਬਿਆਂ ਅੰਦਰ ਵੀ ਸ਼੍ਰੋਮਣੀ ਕਮੇਟੀ ਨੇ ਕਾਫੀ ਕੁਝ ਕੀਤਾ ਪਰ ਪਿਛਲੇ ਸਮੇਂ ਤੋਂ ਹੋ ਰਹੀ ਬਦਨਾਮੀ ਨੇ ਸ਼੍ਰੋਮਣੀ ਕਮੇਟੀ ਦਾ ਸਭ ਕੁਝ ਤਹਿਸ ਨਹਿਸ ਕਿ ਕਰ ਦਿੱਤਾ ਹੈ ।

ਰਹਿੰਦੀ ਬਾਕੀ ਕਸਰ ਸ੍ਰੀ ਅਨੰਦਪੁਰ ਸਾਹਿਬ ਤੋਂ ਅਮਰਜੀਤ ਸਿੰਘ ਚਾਵਲਾ ਵਾਲੀ ਘਟਨਾ ਨੇ ਪੂਰੀ ਕਰ ਦਿੱਤੀ ਹੈ । ਹੈਰਾਨੀਜਨਕ ਤਥੇ ਹੈ ਕਿ ਅਕਾਲੀ ਆਗੂ ਵਿਰਸਾ ਸਿੰਘ ਬਲਟੋਹਾ ਅਤੇ ਸਰਬਜੀਤ ਸਿੰਘ ਝਿੰਜਰ ਜੋ ਬਹਿਰੀਨ ਵਾਲੀ ਬੀਬੀ ਨੂੰ ਇੱਥੇ ਲੈ ਕੇ ਆਏ ਸਨ । ਉਹਨਾਂ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਫਸਾਉਣਾ ਸੀ । ਜਦ ਕਿ ਕੰਮ ਸਾਰਾ ਉਲਟ ਹੋ ਗਿਆ ਫਸ ਆਪ ਅਕਾਲੀ ਲੀਡਰ ਗਏ ਜਿਸ ਦੇ ਵਿੱਚ ਵਿਰਸਾ ਸਿੰਘ ਵਲਟੋਹਾ ਅਤੇ ਸਰਬਜੀਤ ਸਿੰਘ ਝਿੰਜਰ ਦਾ ਨਾਮ ਸਰੇਆਮ ਬੋਲਦਾ ਹੈ । ਉਸ ਤੋਂ ਬਾਅਦ ਉਸ ਬੀਬੀ ਨੇ ਜੋ ਖੁਲਾਸੇ ਕੀਤੇ ਹਨ ਉਹ ਵੀ ਸਭ ਦੇ ਸਾਹਮਣੇ ਹਨ ਤੇ ਅਮਰਜੀਤ ਸਿੰਘ ਚਾਵਲਾ ਵਿਦੇਸ਼ ਭੱਜ ਗਿਆ ਹੈ । ਇਸ ਘਟਨਾ ਨੇ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਤੇ ਵੱਡੀ ਬਿਆਨਬਾਜ਼ੀ ਸ਼ੁਰੂ ਹੋ ਚੁੱਕੀ ਹੈ। ਵੱਖ-ਵੱਖ ਤਰ੍ਹਾਂ ਦੇ ਬਿਆਨ ਸਾਹਮਣੇ ਆ ਰਹੇ ਹਨ ਵਿਰੋਧੀ ਧਿਰਾਂ ਇਹਨਾਂ ਸੰਸਥਾਵਾਂ ਨੂੰ ਘੇਰ ਰਹੀਆਂ ਹਨ । ਇਸ ਮਾਮਲੇ ਦੇ ਵਿੱਚ ਸਭ ਤੋਂ ਅਹਿਮ ਵੱਡੀ ਗੱਲ ਇਹ ਹੈ ਕਿ ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਅਤੇ ਕੁਲਦੀਪ ਸਿੰਘ ਗੜਗੱਜ ਦੀ ਕੋਈ ਖਾਸ ਬਿਆਨਬਾਜ਼ੀ ਸਾਹਮਣੇ ਆ ਨੇ ਨਹੀਂ ਆ ਰਹੀ । ਜਦਕਿ ਮੁੱਖ ਮੰਤਰੀ ਨੂੰ ਤਲਬ ਕਰਨ ਵਾਲੇ ਮਾਮਲੇ ਉੱਤੇ ਤਾਂ ਉਹਨਾਂ ਨੇ ਕਾਫੀ ਪਹਿਲ ਕੀਤੀ ਸੀ । ਉਸ ਤੋਂ ਪਹਿਲਾਂ ਸੱਤਾਧਾਰੀ ਧਿਰ ਦੇ ਵਿਧਾਇਕਾਂ ਨੂੰ ਵੀ ਸ਼੍ਰੀ ਅਕਾਲ ਤਖਤ ਸਾਹਿਬ ਤੇ ਤਲਬ ਕੀਤਾ ਸੀ ਪਰ ਹੁਣ ਅਮਰਜੀਤ ਸਿੰਘ ਵਾਲੇ ਚਾਵਲੇ ਦੇ ਵਿੱਚ ਸਾਡੇ ਆਗੂਆਂ ਦੀ ਜਵਾਨ ਕਿਉਂ ਬੰਦ ਹੈ । ਬਹਿਰੀਨ ਵਾਲੀ ਬੀਬੀ ਨੂੰ ਪੈਸੇ ਕਿਸ ਨੇ ਦਿੱਤੇ ਕਿਸ ਦੇ ਖਾਤੇ ਵਿੱਚੋਂ ਪੈਸੇ ਦਿੱਤੇ ਕਿਉਂ ਦਿੱਤੇ ਇਹ ਸਵਾਲ ਵੱਡੇ ਹਨ ਜਦ ਕਿ ਵਲਟੋਹੇ ਵਰਗੇ ਆਗੂ ਝੂਠੀ ਬਿਆਨਬਾਜ਼ੀ ਕਰ ਰਹੇ ਹਨ ਜਿਸ ਦੇ ਨਾਲ ਕੌਮ ਦਾ ਸਿਰ ਨੀਵਾਂ ਹੋ ਰਿਹਾ ਹੈ । ਕੁੱਲ ਮਿਲਾ ਕੇ ਸ਼੍ਰੋਮਣੀ ਕਮੇਟੀ ਦੀ ਬਦਨਾਮੀ ਹੋ ਰਹੀ ਹੈ ਸਾਡੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਜਥੇਦਾਰ ਸਾਹਿਬ ਨੂੰ ਚਾਹੀਦਾ ਹੈ ਕਿ ਉਹ ਬਿਨਾਂ ਪੱਖਪਾਤ ਕੀਤਿਆਂ ਆਪਣੇ ਆਗੂਆਂ ਪ੍ਰਤੀ ਵੀ ਕਾਰਵਾਈ ਕਰਨ ਤਾਂ ਕਿ ਜਨਤਾ ਦੇ ਮਨਾਂ ਵਿੱਚ ਸੰਕੇ ਪੈਦਾ ਨਾ ਹੋ ਸਕਣ । ਕਿਉਂਕਿ ਇਹ ਸਾਂਝੀ ਸੰਸਥਾ ਹੈ ।

ਕੀ ਕੀ ਅੱਖੀਂ ਡਿੱਠਾ ਅੰਮ੍ਰਿਤਸਰ ਸਾਹਿਬ ਵੱਲ ਜਾਂਦੇ ਹੋਏ

ਸਵੱਛ ਭਾਰਤ ਅਭਿਆਨ ਭਾਰਤ ਸਰਕਾਰ ਵਲੋਂ 2 ਅਕਤੂਬਰ 2014 ਨੂੰ ਰਾਸ਼ਟਰ ਵਿਆਪੀ ਤੌਰ ਤੇ ਸ਼ੁਰੂ ਕੀਤਾ ਗਿਆ ਜਿਸ ਤਹਿਤ ਦੇਸ਼ ਅੰਦਰ ਖੁੱਲ੍ਹੇ 'ਚ ਸੌਚਾਲਯ ਮੁਕਤ ਕਰਨਾ , ਪਿੰਡਾਂ ਅਤੇ ਸਹਿਰਾਂ ਵਿੱਚ ਸਾਫ-ਸ਼ਫਾਈ ਰੱਖਣਾ ਅਤੇ ਠੋਸ ਕੱਚਰੇ ਦਾ ਸਹੀ ਪ੍ਰਬੰਧਨ ਕਰਨ ਦਾ ਉਦੇਸ਼ ਹੈ ।ਪਰ ਪਿਛਲੇ 12 ਸਾਲ ਵਿੱਚ ਸ਼ਹਿਰਾਂ ਅਥੇ ਪਿੰਡਾਂ ਦੀ ਸਫਾਈ ਦੇ ਰੱਖ-ਰਖਾਓ ਲਈ ਕੋਈ ਠੋਸ ਨੀਤੀ ਲਾਗੂ ਨਹੀਂ ਹੋਈ ਨਾ ਹੀ ਠੋਸ ਨਤੀਜੇ ਸਾਹਮਣੇ ਆਏ ਹਨ । ਜੇ ਪੰਜਾਬ ਦੀ ਗੱਲ ਕਰੀਏ ਤਾਂ ਸ਼ਹਿਰਾਂ ਅੰਦਰ ਕੂੜਾ ਪ੍ਰਬੰਧਨ ਦਾ ਮਾੜਾ ਹਾਲ ਹੈ ।ਗੰਦੇ ਨਾਲੀਆਂ ਦੇ ਅਤੇ ਮੀਂਹ ਦੇ ਪਾਣੀ ਦੀ ਨਿਕਾਸੀ ਠੀਕ ਤਰ੍ਹਾਂ ਨਹੀਂ ਹੋ ਰਹੀ ।ਸ੍ਰੀ ਹਰਮੰਦਰ ਸਾਹਿਬ ਅੰਮ੍ਰਿਤਸਰ ਵਿਸ਼ਵ ਪੱਧਰ ਉੱਪਰ ਧਾਰਮਿਕ ਅਸਥਾਨਾਂ 'ਚੋਂ ਆਪਣੀ ਵਿਸ਼ੇਸ਼ ਪਹਿਚਾਣ ਰੱਖਣ ਸਦਕਾ ਵਰਲਡ ਬੁੱਕ ਆਫ ਰਿਕਾਰਜ਼ ਵਿੱਚ ਮਾਨਤਾ ਪ੍ਰਾਪਤ ਅਧਿਆਤਕ ਅਸਥਾਨ ਹੈ ਜਿਥੇ ਰੋਜ਼ਾਨਾ ਇੱਕ ਲੱਖ ਤੋਂ ਉੱਪਰ ਸਰਧਾਲੂ ਨਤਮਸਤਕ ਹੋ ਕੇ ਮਨ ਦੀ ਸਾਂਤੀ ਪ੍ਰਾਪਤ ਕਰਦੇ ਹਨ । ਪਿਛਲੇ ਦਿਨੀਂ ਸਿੱਖਾਂ ਦੀ ਰੂਹ ਨਾਲ ਜੁੜੇ ਪਵਿੱਤਰ ਇਤਿਹਾਸਕ ਕੇਂਦਰੀ ਸ਼ਹਿਰ ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ ਦਰਸ਼ਨ ਕਰਨ ਦਾ ਸਬੱਬ ਬਣਿਆ । ਥੋੜਾ ਮੀਂਹ ਪਿਆ ਹੋਇਆਂ ਸੀ , ਸੜਕਾਂ ਉੱਪਰ ਸਾਈਡਾਂ ਤੇ ਪਾਣੀ ਖੜ੍ਹਾ ਸੀ ਜੋ ਨਹੀਂ ਹੋਣਾ ਚਾਹੀਦਾ ਸੀ ।ਸੀਵਰੇਜ ਦਾ ਸਿਸਟਮ ਪਾਣੀ ਦੀ ਨਿਕਾਸੀ ਲਈ ਇਥੋਂ ਦੇ ਇੰਜਨੀਅਰਾਂ ਦੀ ਕਾਰਗੁਜ਼ਾਰੀ ਉੱਪਰ ਸਵਾਲੀਆ ਚਿੰਨ੍ਹ ਲਾਉਂਦਾ ਹੈ । ਚੌਰਾਸੀ ਦੇ ਦਰਬਾਰ ਸਾਹਿਬ ਉੱਪਰ ਭਾਰਤ ਸਰਕਾਰ ਦੀ ਫੌਜ ਵਲੋਂ ਕੀਤੇ ਹਮਲੇ ਤੋਂ ਬਾਂਅਦ ਸ੍ਰੀ ਦਰਬਾਰ ਸਾਬਿ ਦੁਆਲੇ ਗਲਿਆਰਾ ਯੋਜਨਾ ਤਹਿਤ ਕਿੰਨੇ ਹੀ ਰਿਹਾਇਸ਼ੀ ਅਤੇ ਕਮਰਸੀਅਲ ਥਾਵਾਂ ਨੂੰ ਢਾਹ ਕੇ ਉਨ੍ਹਾਂ ਦੇ ਮਾਲਕਾਂ ਨੂੰ ਕਰੌੜਾਂ ਰੁਪਏ ਮੁਆਵਜ਼ੇ ਦੇ ਰੂਪ ਵਿੱਚ ਦਿੱਤੇ ਪਰ ਸੰਗਤਾਂ ਦੀ ਸਹੂਲਤ ਲਈ ਸ਼ਹਿਰ ਦੀ ਸਫਾਈ ਰੱਖਣਾ , ਰਸਤੇ ਖੁੱਲੇ ?ਹ ਕਰਨਾ ਆਦਿ ਵੱਲ ਧਿਆਨ ਨਹੀਂ ਦਿੱਤਾ ਗਿਆ ।

ਵਿਸ਼ਵ ਭਰ ਦੇ ਲੋਕ ਇਸ ਪਵਿੱਤਰ ਰੂਹਾਨੀਅਤ ਅਸਥਾਨ ਦੇ ਦਰਸ਼ਨ ਕਰਨ ਨੂੰ ਵੱਡਭਾਗੀ ਸਮਝਦੇ ਹਨ । ਕਿੰਨ੍ਹੇ ਹੀ ਦੇਸ਼ਾਂ ਦੇ ਪ੍ਰਧਾਨ ਮੰਤਰੀ , ਰਾਸਟਰਪਤੀ , ਉੱਚ ਅਹੁੱਦਿਆਂ ਤੇ ਬਿਰਾਜਮਾਨ ਅਤੇ ਹੋਰ ਅਨੇਕਾਂ ਸ਼ਖਸ਼ੀਅਤਾਂ ਸ੍ਰੀ ਹਰਮੰਦਰ ਸਹਿਬ ਵਿਖੇ ਨਤਮਸਤਕ ਹੋ ਚੁੱਕੀਆਂ ਹਨ ਅਤੇ ਰੋਜ਼ਾਨਾ ਹੋਰ ਰਾਜਾਂ ਅਤੇ ਬਾਹਰਲੇ ਦੇਸ਼ਾ ਤੋਂ ਸੰਗਤਾਂ ਆ ਰਹੀਆਂ ਹਨ । ਇਸ ਪਵਿੱਤਰ ਵਿਸ਼ਵ ਪ੍ਰਸਿੱਧੀ ਵਾਲੇ ਸ਼ਹਿਰ ਦੀ ਸਾਫ-ਸਫਾਈ , ਸੁੰਦਰਤਾ ਵਾਲੀ ਦਿੱਖ ਦੇਣ ਦਾ ਧਿਆਨ ਇਥੋਂ ਦੇ ਪ੍ਰਸ਼ਾਸ਼ਨ ਦਾ ਧਿਆਨ ਨਹੀਂ ਜਾਪਦਾ ।ਕੇਂਦਰ ਸਰਕਾਰ ਨੂੰ ਇਸ ਸਿੱਖ ਧਰਮ ਦੇ ਕੇਂਦਰੀ ਸਥਾਨ ਨੂੰ ਵਿਸ਼ੇਸ਼ ਪੈਕੇਜ਼ ਸਮੇਂ ਸਮੇਂ ਦੇ ਕੇ ਵਿਸ਼ਵ ਪੱਧਰ ਦੀਆਂ ਆਧੁਨਿਕ ਸਹੂਲਤਾਂ ਦੇ ਕੇ ਸਮੇਂ ਦੇ ਹਾਣ ਦਾ ਬਣਾਉਣ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ ।ਦੇਸ਼ ਦੇ ਪ੍ਰਧਾਨ ਮੰਤਰੀ ਬਾਹਰਲੇ ਦੇਸ਼ਾਂ ਦੇ ਸੈਂਕੜੇ ਦੌਰੇ ਕਰ ਚੁੱਕੇ ਹਨ, ਉਨ੍ਹਾਂ ਬਾਹਰਲੇ ਦੇਸ਼ਾਂ ਦੇ ਸ਼ਹਿਰਾਂ ਦੇ ਨਕਸ਼ੇ ਕਦਮਾਂ ਉੱਪਰ ਆਪਣੇ ਦੇਸ਼ ਦੇ ਇਹੋ ਜਿਹੇ ਪਵਿੱਤਰ ਸ਼ਹਿਰਾਂ ਦੀ ਦਿੱਖ ਨੂੰ ਅੰਤਰ-ਰਾਸਟਰੀ ਪੱਧਰ ਦੀ ਤਰ੍ਹਾਂ ਬਣਾਕੇ ਦੇਸ਼ ਦਾ ਨਾਂ ਉੱਚਾ ਕਰਨ ਨੂੰ ਪਹਿਲ ਦੇਣੀ ਚਾਹੀਦੀ ਹੈ ।

ਮੇਜਰ ਸਿੰਘ ਨਾਭਾ
ਮੋ.9463553962

ਸ਼ਹਿਰ ਦੇ ਰੇਲਵੇ ਸਟੇਸ਼ਨ ਤੋਂ ਦਰਬਾਰ ਸਾਹਿਬ ਤੱਕ ਆਉਂਦੇ ਰਸਤੇ ਵੀ ਵਧੀਆ ਨਹੀਂ ਹਨ । ਬਾਹਰਲੇ ਰਾਜਾਂ ਤੋਂ ਰੋਜ਼ਾਨਾ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨ ਕਰਨ ਲਈ ਜੀ.ਟੀ. ਰੋਡ ਉਪਰੋਂ ਦਿਨ ਰਾਤ ਹਜ਼ਾਰਾਂ ਵਾਹਨ ਸਰਧਾਲੂਆਂ ਦੇ ਲੰਘਦੇ ਹਨ । ਜੇਕਰ ਦੋਰਾਹੇ ਤੋਂ ਲੁਧਿਆਣੇ ਤੋਂ ਗਿੱਲ ਰੋਡ ਵਾਲੇ ਬਾਹਰਲੇ ਬਾਈ ਪਾਸ ਰਾਹੀਂ ਸਿੱਧਾ ਫਿਲੌਰ ਨੂੰ ਨਿਕਲਦੇ ਹਾਂ ਤਾਂ ਪਹਿਲਾ ਟੋਲ ਪਲਾਜ਼ਾ ਚਾਹਰ ਆਉਂਦਾ ਹੈ , ਦੂਜਾ ਕਰੀਬ 6 ਕਿਲੋਮੀਟਰ ਦੀ ਦੂਰੀ ਤੇ ਫਿਲੌਰ ਲਾਗੇ ਲਾਡੋਵਾਲ ਟੋਲ, ਫਿਰ ਢਿਲਵਾਂ ਟੋਲ, ਅੱਗੇ ਨਿੱਝਰਪੁਰ ਟੋਲ ਆਉਂਦਾ ਹੈ । ਲੁਧਿਆਣੇ ਤੋਂ ਅੰਮ੍ਰਿਤਸਰ ਤੱਕ ਇੰਨੇ ਟੋਲ ਦੇ ਕੇ ਵੀ ਬਹੁਤ ਥਾਵਾਂ ਤੇ ਖੱਡਿਆਂ ਚੋਂ ਲੰਘਣਾ ਪੈਂਦਾ ਹੈ ।ਕਈ ਥਾਵਾਂ ਜਿਵੇਂ ਰਈਆ , ਟਾਂਗਰਾ ਆਦਿ ਨੇੜੇ ਪੁਲ ਅਧੂਰੇ ਜਾਂ ਅਜੇ ਬਣ ਰਹੇ ਹਨ ।ਰਈਆ ਕੋਲ ਸੜਕ ਦੇ ਕਿਨਾਰੇ ਲੰਬੀ ਦੂਰੀ ਤੱਕ ਝੌਂਪੜੀਆਂ ਵਾਲਿਆਂ ਨੇ ਸ਼ਾਇਦ ਰਾਹੀਆਂ ਲਈ ਸੁਹਾਵਣਾ ਦ੍ਰਿਸ਼ ਪੇਸ਼ ਕੀਤਾ ਹੋਇਆ ਹੈ ਜਿਸ ਵਿੱਚ ਦੁਕਾਨਦਾਰੀਆਂ ਵੀ ਦਿਖਾਈ ਦਿੰਦੀਆਂ ਹਨ । ਨਜਾਇਜ ਕਬਜੇ ਹੋਣ ਤੋਂ ਰੋਕਣ ਲਈ ਮਹਿਕਮਾ ਹੁਣ ਤਾਂ ਕੁੰਭ ਦੀ ਨੀਂਦ 'ਚ ਵਿਅਸਤ ਹੈ ਫਿਰ ਇਨ੍ਹਾਂ ਲੋਕਾਂ ਦੇ ਪੈਰ ਜੰਮਣ ਤੇ ਪੀਲਾ ਪੰਜਾ ਚੁੱਕਣ ਦੀਆਂ ਗੱਲਾਂ ਹੋਣਗੀਆਂ , ਸਰਕਾਰ ਦਾ ਵਿਰੋਧ ਹੋਵੇਗਾ । ਸੜਕ ਉੱਪਰ ਗੰਦਗੀ , ਮਿੱਟੀ ਦੇ ਢੇਰ ਬਾਹਰੋਂ ਆਉਂਦੇ ਸਰਧਾਲੂਆਂ ਦਾ ਆਮ ਸਵਾਗਤ ਕਰਦੇ ਹਨ ।ਸੜਕਾਂ ਦੀ ਮੇਨਟੀਨੇਂਸ ਵਾਲੀ ਕੋਈ ਗੱਲ ਨਹੀਂ ਦਿੱਸਦੀ ।ਸੜਕ ਦੇ ਦੁਆਲੇ ਪਾਣੀ ਦੀ ਨਿਕਾਸੀ ਲਈ ਜੋ ਸੀਵਰੇਜ਼ ਸੀਮੈਂਟ ਦੀਆਂ ਸਲੇਬਾਂ ਰੱਖ ਕੇ ਬਣਾਏ ਗਏ ਹਨ ਉਹ ਸ਼ੁਰੂ ਤੋਂ ਸੁਰੱਖਿਅਤ ਨਹੀਂ ਬਣੇ ਹੋਏ ,

ਸ਼ਬਦਾਂ ਦੇ ਮੁਸਾਫ਼ਿਰ ਇਕਵਾਕ ਸਿੰਘ ਪੱਟੀ ਦਾ ਬਹੁ-ਪੱਖੀ ਸਾਹਿਤਕ ਸਫ਼ਰ







ਕੁਝ ਲੋਕ ਕਿਤਾਬਾਂ ਲਿਖਦੇ ਹਨ, ਕੁਝ ਖੋਜ ਕਰਦੇ ਹਨ, ਕੁਝ ਮੰਚਾਂ ਤੋਂ ਬੋਲਦੇ ਹਨ; ਪਰ ਬਹੁਤ ਘੱਟ ਲੋਕ ਅਜਿਹੇ ਹੁੰਦੇ ਹਨ ਜੋ ਕਲਮ, ਖੋਜ, ਸੰਗੀਤ, ਮੀਡੀਆ ਅਤੇ ਪ੍ਰੇਰਣਾ—ਇਨ੍ਹਾਂ ਪੰਜਾਂ ਨੂੰ ਇੱਕੋ ਜਿਹੀ ਦ੍ਰਿੜ ਭਾਵਨਾ ਨਾਲ ਜੀਉਂਦੇ ਹਨ। ਅੱਜ ਦੇ ਸਮੇਂ ਵਿੱਚ, ਜਦੋਂ ਬਹੁਤ ਸਾਰੇ ਲੋਕ ਪਹਿਲਾਂ ਆਪਣੀ ਪਛਾਣ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਅਤੇ ਕੰਮ ਬਾਅਦ ਵਿੱਚ, ਉੱਥੇ ਇਕਵਾਕ ਸਿੰਘ ਪੱਟੀ ਨੇ ਇਸ ਤੋਂ ਉਲਟ ਰਸਤਾ ਚੁਣਿਆ। ਉਸ ਨੇ ਆਪਣੇ ਆਪ ਨੂੰ ਪ੍ਰਚਾਰ ਨਾਲ ਨਹੀਂ, ਸਗੋਂ ਨਿਰੰਤਰ ਮਿਹਨਤ ਨਾਲ ਪਛਾਣ ਦਿਵਾਉਣ ਦੀ ਕੋਸ਼ਿਸ਼ ਕੀਤੀ। ਸ਼ਾਇਦ ਇਸੇ ਲਈ ਉਸ ਦੇ ਸਫ਼ਰ ਵਿੱਚ ਕੋਈ ਰੌਲਾ ਨਹੀਂ ਮਿਲਦਾ, ਪਰ ਇੱਕ ਡੂੰਘੀ ਸਾਧਨਾ ਦੀ ਆਵਾਜ਼ ਜ਼ਰੂਰ ਸੁਣਾਈ ਦਿੰਦੀ ਹੈ।

ਸਾਲ 2005 ਵਿੱਚ ਸ਼ੁਰੂ ਹੋਇਆ ਉਸ ਦਾ ਲੇਖਨ-ਸਫ਼ਰ ਕਿਸੇ ਯੋਜਨਾਬੱਧ ਸਾਹਿਤਕ ਮੁਹਿੰਮ ਵਜੋਂ ਨਹੀਂ, ਸਗੋਂ ਅਧਿਐਨ ਅਤੇ ਅੰਦਰਲੀ ਜਿਗਿਆਸਾ ਵਿੱਚੋਂ ਜਨਮਿਆ ਸੀ। ਸ਼ੁਰੂਆਤੀ ਲਿਖਤਾਂ ਦਾ ਕੇਂਦਰ ਸਿੱਖ ਇਤਿਹਾਸ, ਗੁਰਬਾਣੀ, ਗੁਰਮਤਿ ਵਿਚਾਰ ਅਤੇ ਸਿੱਖ ਰਹਿਤ ਮਰਯਾਦਾ ਰਹੇ। ਉਸ ਦੀ ਪਹਿਲੀ ਰਚਨਾ ਗੁਰਮਤਿ ਪ੍ਰਕਾਸ਼ ਰਸਾਲੇ ਵਿੱਚ ਪ੍ਰਕਾਸ਼ਿਤ ਹੋਈ। ਕਿਸੇ ਵੀ ਨਵੇਂ ਲੇਖਕ ਲਈ ਇਹ ਇੱਕ ਛੋਟਾ ਜਿਹਾ ਕਦਮ ਹੁੰਦਾ ਹੈ, ਪਰ ਬਾਅਦ ਵਿੱਚ ਇਹੀ ਕਦਮ ਲੰਮੇ ਸਫ਼ਰ ਦੀ ਸ਼ੁਰੂਆਤ ਬਣ ਜਾਂਦਾ ਹੈ। ਇਕਵਾਕ ਨਾਲ ਵੀ ਇੰਝ ਹੀ ਹੋਇਆ।

ਜੇ ਮੈਂ ਇਕਵਾਕ ਸਿੰਘ ਪੱਟੀ ਦੀ ਸਾਹਿਤਕ ਯਾਤਰਾ ਨੂੰ ਇੱਕ ਹੀ ਵਾਕ ਵਿੱਚ ਬਿਆਨ ਕਰਾਂ ਤਾਂ ਸ਼ਾਇਦ ਇੰਨਾ ਹੀ ਕਹਾਂਗਾ ਕਿ ਉਸ ਨੇ ਆਪਣੀ ਕਲਮ ਨੂੰ ਕਦੇ ਇੱਕੋ ਵਿਧਾ ਜਾਂ ਇੱਕੋ ਵਿਸ਼ੇ ਦੀ ਕੈਦ ਵਿੱਚ ਨਹੀਂ ਰਹਿਣ ਦਿੱਤਾ। ਹਰ ਵਾਰ ਉਸ ਦੀ ਰਚਨਾਤਮਕਤਾ ਨੇ ਇੱਕ ਨਵਾਂ ਦਰਵਾਜ਼ਾ ਖੋਲ੍ਹਿ ?ਹਆ ਅਤੇ ਹਰ ਵਾਰ ਪਾਠਕਾਂ ਨੂੰ ਉਸ ਦਾ ਇੱਕ ਨਵਾਂ ਰੂਪ ਵੇਖਣ ਨੂੰ ਮਿਲਿਆ।

ਸਮੇਂ ਦੇ ਨਾਲ ਉਹ ਕਲਮ ਦਾ ਘੇਰਾ ਹੋਰ ਵਿਸ਼ਾਲ ਕਰਦਾ ਗਿਆ। ਕਹਾਣੀ, ਮਿੰਨੀ ਕਹਾਣੀ, ਨਾਵਲ, ਵਾਰਤਕ, ਸ਼ਾਇਰੀ, ਸੰਪਾਦਨ ਅਤੇ ਖੋਜ ਸ਼ਾਇਦ ਹੀ ਕੋਈ ਅਜਿਹੀ ਸਾਹਿਤਕ ਵਿਧਾ ਹੋਵੇ ਜਿਸ ਵਿੱਚ ਉਸ ਨੇ ਆਪਣੇ ਆਪ ਨੂੰ ਪਰਖਣ ਦੀ ਕੋਸ਼ਿਸ਼ ਨਾ ਕੀਤੀ ਹੋਵੇ। ਉਸ ਦੀਆਂ ਕਹਾਣੀਆਂ ਵਿੱਚ ਮਨੁੱਖੀ ਜੀਵਨ ਦੀਆਂ ਸਧਾਰਨ ਘਟਨਾਵਾਂ ਵੀ ਅਸਧਾਰਨ ਸੰਵੇਦਨਾ ਨਾਲ ਪੇਸ਼ ਹੁੰਦੀਆਂ ਹਨ, ਜਦਕਿ ਨਾਵਲਾਂ ਵਿੱਚ ਸਮਾਜ ਦੀ ਧੜਕਣ ਸੁਣਾਈ ਦਿੰਦੀ ਹੈ। ਸ਼ਾਇਰੀ ਵਿੱਚ ਭਾਵਨਾਵਾਂ ਦੀ ਨਰਮੀ ਹੈ ਅਤੇ ਵਾਰਤਕ ਵਿੱਚ ਵਿਚਾਰਾਂ ਦੀ ਸੰਜੀਦਗੀ।

ਇਕਵਾਕ ਦੀ ਇੱਕ ਹੋਰ ਖੂਬੀ ਮੈਨੂੰ ਹਮੇਸ਼ਾ ਪ੍ਰਭਾਵਿਤ ਕਰਦੀ ਹੈ—ਉਹ ਸਿਰਫ਼ ਆਪਣੀਆਂ ਕਿਤਾਬਾਂ ਤੱਕ ਸੀਮਤ ਨਹੀਂ ਰਹਿੰਦਾ। ਉਸ ਨੂੰ ਦੂਜਿਆਂ ਦੀ ਚੰਗੀ ਕਿਤਾਬ ਬਾਰੇ ਗੱਲ ਕਰਦਿਆਂ ਵੀ ਉਨੀ ਹੀ ਖ਼ੁਸ਼ੀ ਹੁੰਦੀ ਹੈ ਜਿੰਨੀ ਆਪਣੀ ਰਚਨਾ ਬਾਰੇ। ਸ਼ਾਇਦ ਇਸੇ ਸੋਚ ਕਰਕੇ ਉਸ ਨੇ ਡੇਢ ਸੌ ਤੋਂ ਵੱਧ ਪੰਜਾਬੀ ਪੁਸਤਕਾਂ ਦੀਆਂ ਵੀਡੀਓ ਸਮੀਖਿਆਵਾਂ ਮਾਝਾ ਵਰਲਡਾਈਡ ਨਾਮੀਂ ਯੂਟਿਊਬ ਚੈਨਲ 'ਤੇ ਕਰ ਚੁੱਕਿਆ ਹੈ। ਡਿਜ਼ਿਟਲ ਮਾਧਿਅਮ ਰਾਹੀਂ ਕਿਤਾਬਾਂ ਨੂੰ ਨਵੇਂ ਪਾਠਕਾਂ ਤੱਕ ਪਹੁੰਚਾਉਣ ਦਾ ਇਹ ਯਤਨ ਸਿਰਫ਼ ਸਮੀਖਿਆ ਨਹੀਂ, ਸਗੋਂ ਪੰਜਾਬੀ ਪੁਸਤਕ-ਸੱਭਿਆਚਾਰ ਨੂੰ ਪ੍ਰਫੁਲਿਤ ਕਰਨ ਦੀ ਇੱਕ ਉੱਤਮ ਸੇਵਾ ਹੈ।

ਉਸ ਦੇ ਨਾਲ ਜਦੋਂ ਵੀ ਗੱਲ ਹੁੰਦੀ ਹੈ ਤਾਂ ਇਹ ਮਹਿਸੂਸ ਹੁੰਦਾ ਹੈ ਕਿ ਉਹ ਆਪਣੀ ਨਵੀਂ ਕਿਤਾਬ ਨਾਲੋਂ ਵੱਧ ਕਿਸੇ ਹੋਰ ਲੇਖਕ ਦੀ ਨਵੀਂ ਕਿਤਾਬ ਬਾਰੇ ਉਤਸੁਕ ਹੁੰਦਾ ਹੈ। ਸ਼ਾਇਦ ਇਸੇ ਲਈ ਉਸ ਦੀ ਪ੍ਰੇਰਣਾ ਨਾਲ ਕਈ ਨੌਜਵਾਨਾਂ ਨੇ ਲਿਖਣਾ ਸ਼ੁਰੂ ਕੀਤਾ ਅਤੇ ਕਈਆਂ ਦੀਆਂ ਪੁਸਤਕਾਂ ਵੀ ਪ੍ਰਕਾਸ਼ਿਤ ਹੋਈਆਂ। ਉਹ ਇਸ ਦਾ ਕਦੇ ਜ਼ਿਕਰ ਨਹੀਂ ਕਰਦਾ, ਨਾ ਹੀ ਇਸ ਦਾ ਸਿਹਰਾ ਆਪਣੇ ਸਿਰ ਬੰਨ੍ਹਦਾ ਹੈ। ਇਹੋ ਜਿਹੇ ਲੋਕ ਘੱਟ ਮਿਲਦੇ ਹਨ ਜੋ ਮੁਕਾਬਲੇ ਨਾਲੋਂ ਵੱਧ ਸਾਂਝੀ ਤਰੱਕੀ ਵਿੱਚ ਵਿਸ਼ਵਾਸ ਰੱਖਦੇ ਹੋਣ।

ਵਰਿੰਦਰ ਅਜ਼ਾਦ
ਮੋ. 98150 21527

ਇਕਵਾਕ ਸਿੰਘ ਪੱਟੀ ਨੂੰ ਨੇੜਿਓਂ ਜਾਣਨ ਵਾਲਾ ਕੋਈ ਵੀ ਵਿਅਕਤੀ ਇਸ ਗੱਲ ਨਾਲ ਸਹਿਮਤ ਹੋਵੇਗਾ ਕਿ ਉਹ ਜਿੰਨਾ ਗੰਭੀਰ ਆਪਣੀ ਖੋਜ ਪ੍ਰਤੀ ਹੈ, ਓਨਾ ਹੀ ਸਹਿਜ ਆਪਣੇ ਸੁਭਾਅ ਵਿੱਚ ਹੈ। ਉਸ ਨਾਲ ਪਹਿਲੀ ਮੁਲਾਕਾਤ ਕਰਨ ਵਾਲੇ ਨੂੰ ਵੀ ਕਦੇ ਇਹ ਅਹਿਸਾਸ ਨਹੀਂ ਹੁੰਦਾ ਕਿ ਉਹ ਚੌਦਾਂ ਕਿਤਾਬਾਂ ਦਾ ਲੇਖਕ ਹੈ ਜਾਂ ਕਈ ਸਾਲਾਂ ਦਾ ਖੋਜਕਾਰ। ਉਸ ਕੋਲ ਬੈਠ ਕੇ ਹਮੇਸ਼ਾ ਲੱਗਦਾ ਹੈ ਜਿਵੇਂ ਕੋਈ ਪੁਰਾਣਾ ਜਾਣ-ਪਛਾਣ ਵਾਲਾ ਦੋਸਤ ਮਿਲਿਆ ਹੋਵੇ।

ਉਸ ਦੀ ਇੱਕ ਖ਼ਾਸ ਆਦਤ ਹੈ—ਉਹ ਰਸਮੀ ਗੱਲਾਂ ਵਿੱਚ ਬਹੁਤਾ ਸਮਾਂ ਨਹੀਂ ਲਾਉਂਦਾ। ਸ਼ੁਰੂ ਹੁੰਦਿਆ ਹੀ ਉਸਦੀ ਗੱਲ ਸਾਹਿਤ, ਸਮਾਜ, ਇਤਿਹਾਸ, ਸੰਗੀਤ ਜਾਂ ਕਿਸੇ ਨਵੇਂ ਵਿਚਾਰ ਉੱਤੇ ਆ ਜਾਂਦੀ ਹੈ। ਕਈ ਵਾਰ ਮੈਂ ਹੱਸ ਕੇ ਕਹਿ ਦਿੰਦਾ ਹਾਂ, 'ਯਾਰ, ਕੋਈ ਹੋਰ ਗੱਲ ਵੀ ਕਰ ਲਿਆ ਕਰ।' ਉਹ ਵੀ ਹੱਸ ਪੈਂਦਾ ਹੈ, ਪਰ ਕੁਝ ਪਲਾਂ ਬਾਅਦ ਫਿਰ ਕਿਸੇ ਨਵੀਂ ਕਿਤਾਬ, ਕਿਸੇ ਲੇਖਕ ਜਾਂ ਕਿਸੇ ਖੋਜੀ ਵਿਸ਼ੇ ਦੀ ਗੱਲ ਛੇੜ ਲੈਂਦਾ ਹੈ। ਸ਼ਾਇਦ ਇਹੀ ਉਸ ਦੀ ਅਸਲੀ ਦੁਨੀਆ ਹੈ।

ਮੈਨੂੰ ਉਸ ਦੀ ਇੱਕ ਹੋਰ ਗੱਲ ਹਮੇਸ਼ਾ ਪ੍ਰਭਾਵਿਤ ਕਰਦੀ ਰਹੀ ਹੈ। ਉਹ ਆਪਣੇ ਵਿਚਾਰ ਬੜੀ ਸਪਸ਼ਟਤਾ ਨਾਲ ਰੱਖਦਾ ਹੈ। ਜੇ ਕਿਸੇ ਗੱਲ ਨਾਲ ਸਹਿਮਤ ਹੈ ਤਾਂ ਖੁੱਲ੍ਹ ਕੇ ਸਹਿਮਤ ਹੋਵੇਗਾ ਅਤੇ ਜੇ ਅਸਹਿਮਤ ਹੈ ਤਾਂ ਉਨੀ ਹੀ ਨਿਮਰਤਾ ਨਾਲ ਆਪਣਾ ਮਤ ਵੀ ਰੱਖੇਗਾ। ਅੱਜ ਜਦੋਂ ਬਹੁਤ ਸਾਰੇ ਲੋਕ ਸਿਰਫ਼ ਸਭ ਨੂੰ ਖ਼ੁਸ਼ ਰੱਖਣ ਲਈ ਗੱਲ ਕਰਦੇ ਹਨ, ਉੱਥੇ ਇਕਵਾਕ ਦੀ ਇਹ ਸਿੱਧੀ ਗੱਲ ਕਰਨ ਦੀ ਆਦਤ ਉਸ ਨੂੰ ਵੱਖਰਾ ਬਣਾਉਂਦੀ ਹੈ। ਉਸ ਦੀ ਸਪਸ਼ਟਤਾ ਵਿੱਚ ਕੜਵਾਹਟ ਨਹੀਂ, ਸਗੋਂ ਇਮਾਨਦਾਰੀ ਹੈ।

ਸ਼ਾਇਦ ਇਸੇ ਕਰਕੇ ਉਹ ਇੱਕ ਵਧੀਆ ਵਕਤਾ ਵੀ ਹੈ। ਸਕੂਲਾਂ, ਕਾਲਜਾਂ, ਸਾਹਿਤਕ ਸਮਾਗਮਾਂ ਅਤੇ ਆਨਲਾਈਨ ਮੰਚਾਂ ਉੱਤੇ ਉਸ ਦੇ ਲੈਕਚਰ ਸੁਣਨ ਵਾਲੇ ਅਕਸਰ ਇੱਕ ਗੱਲ ਕਹਿੰਦੇ ਹਨ ਕਿ ਉਹ ਭਾਸ਼ਣ ਨਹੀਂ ਕਰਦਾ, ਉਹ ਤਾਂ ਕੀਲ ਲੈਂਦਾ ਹੈ। ਉਸ ਦੀ ਗੱਲਬਾਤ ਵਿੱਚ ਕਿਤਾਬੀ ਬੋਝ ਨਹੀਂ ਹੁੰਦਾ; ਉੱਥੇ ਅਧਿਐਨ ਵੀ ਹੁੰਦਾ ਹੈ, ਤਜਰਬਾ ਵੀ ਅਤੇ ਸਰੋਤਿਆਂ ਨਾਲ ਜੁੜ ਜਾਣ ਦੀ ਸਮਰੱਥਾ ਵੀ। ਧਾਰਮਿਕ ਚਿੰਤਨ ਹੋਵੇ, ਸਮਾਜਕ ਸਰੋਕਾਰ ਹੋਣ ਜਾਂ ਨੌਜਵਾਨਾਂ ਨੂੰ ਪ੍ਰੇਰਿਤ ਕਰਨ ਵਾਲੇ ਵਿਸ਼ੇ—ਉਹ ਹਰ ਥਾਂ ਆਪਣੀ ਸਾਦਗੀ ਅਤੇ ਤਰਕ ਨਾਲ ਸਰੋਤਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੰਦਾ ਹੈ।

ਇਹੀ ਗੱਲ ਉਸ ਦੇ ਮੀਡੀਆ ਨਾਲ ਜੁੜੇ ਸਫ਼ਰ ਵਿੱਚ ਵੀ ਨਜ਼ਰ ਆਉਂਦੀ ਹੈ। ਟੈਲੀਵਿਜ਼ਨ ਐਂਕਰ ਅਤੇ ਰੇਡੀਓ ਹੋਸਟ ਵਜੋਂ ਉਸ ਨੇ ਕਈ ਸਾਲ ਕੰਮ ਕੀਤਾ। ਪਰ ਉਸ ਦਾ ਮਕਸਦ ਕਦੇ ਸਿਰਫ਼ ਪਰਦੇ ਉੱਤੇ ਦਿਖਾਈ ਦੇਣਾ ਨਹੀਂ ਰਿਹਾ। ਉਹ ਇਨ੍ਹਾਂ ਮਾਧਿਅਮਾਂ ਨੂੰ ਪੰਜਾਬੀ ਭਾਸ਼ਾ, ਸਿੱਖ ਸੱਭਿਆਚਾਰ, ਵਿਰਸੇ ਅਤੇ ਸਾਹਿਤ ਦੇ ਪ੍ਰਚਾਰ ਦਾ ਸਾਧਨ ਸਮਝਦਾ ਰਿਹਾ। ਉਸ ਦੇ ਪ੍ਰੋਗਰਾਮਾਂ ਵਿੱਚ ਗੱਲਾਂ ਘੱਟ ਅਤੇ ਵਿਚਾਰ ਵੱਧ ਹੁੰਦੇ ਸਨ। ਸ਼ਾਇਦ ਇਸੇ ਕਰਕੇ ਸਰੋਤਿਆਂ ਅਤੇ ਦਰਸ਼ਕਾਂ ਨਾਲ ਉਸ ਦਾ ਇੱਕ ਭਰੋਸੇ ਦਾ ਰਿਸ਼ਤਾ ਬਣਿਆ।

ਮੈਂ ਉਸ ਨੂੰ ਕਦੇ ਵੀ ਆਪਣੇ ਕੰਮ ਦੀ ਗਿਣਤੀ ਕਰਦਿਆਂ ਨਹੀਂ ਦੇਖਿਆ। ਹਾਂ, ਅਗਲੇ ਕੰਮ ਦੀ ਯੋਜਨਾ ਬਣਾਉਂਦਿਆਂ ਜ਼ਰੂਰ ਦੇਖਿਆ ਹੈ। ਹੁਣ ਵੀ ਜਦੋਂ ਉਸ ਨਾਲ ਮੁਲਾਕਾਤ ਹੁੰਦੀ ਹੈ ਤਾਂ ਚਰਚਾ ਇਹ ਨਹੀਂ ਹੁੰਦੀ ਕਿ ਉਸ ਨੇ ਹੁਣ ਤੱਕ ਕੀ ਕੀਤਾ ਹੈ; ਗੱਲ ਇਹ ਹੁੰਦੀ ਹੈ ਕਿ ਅੱਗੇ ਕੀ ਕਰਨਾ ਹੈ। ਕੋਈ ਨਵੀਂ ਖੋਜ, ਕੋਈ ਨਵਾਂ ਨਾਵਲ, ਕੋਈ ਨਵਾਂ ਲੇਖ ਜਾਂ ਕਿਸੇ ਅਣਗੌਲੇ ਵਿਸ਼ੇ ਉੱਤੇ ਕੰਮ—ਉਸ ਦਾ ਮਨ ਹਮੇਸ਼ਾ ਅਗਲੇ ਪੜਾਅ ਵੱਲ ਤੁਰਿਆ ਰਹਿੰਦਾ ਹੈ।

ਇਕਵਾਕ ਨੂੰ ਮੈਂ ਕਦੇ ਵੀ ਪ੍ਰਸਿੱਧੀ ਦੇ ਪਿੱਛੇ ਦੌੜਦਿਆਂ ਨਹੀਂ ਦੇਖਿਆ। ਉਸ ਨੇ ਹਮੇਸ਼ਾ ਆਪਣੇ ਕੰਮ ਨੂੰ ਪਹਿਲ ਦਿੱਤੀ। ਹੋ ਸਕਦਾ ਹੈ ਕਿ ਇਸੇ ਕਰਕੇ ਉਸ ਦੀ ਰਫ਼ਤਾਰ ਕਈ ਵਾਰ ਹੌਲੀ ਲੱਗੀ ਹੋਵੇ, ਪਰ ਉਸ ਦੀ ਯਾਤਰਾ ਕਦੇ ਰੁਕੀ ਨਹੀਂ। ਉਸ ਨੇ ਸ਼ਬਦਾਂ ਨੂੰ ਸਾਧਨ ਬਣਾਇਆ, ਖੋਜ ਨੂੰ ਆਧਾਰ ਬਣਾਇਆ ਅਤੇ ਸਾਦਗੀ ਨੂੰ ਆਪਣਾ ਸੁਭਾਅ ਬਣਾਈ ਰੱਖਿਆ। ਇਹ ਤਿੰਨੇ ਗੁਣ ਇਕੱਠੇ ਹੋਣ ਤਾਂ ਹੀ ਕਿਸੇ ਲੇਖਕ ਦੀ ਪਛਾਣ ਸਿਰਫ਼ ਕਿਤਾਬਾਂ ਨਾਲ ਨਹੀਂ, ਸਗੋਂ ਉਸ ਦੇ ਵਿਅਕਤੀਤਵ ਨਾਲ ਵੀ ਬਣਦੀ ਹੈ।

ਅੱਜ ਜਦੋਂ ਮੈਂ ਇਹ ਸਤਰਾਂ ਲਿਖ ਕੇ ਕਲਮ ਰੱਖ ਰਿਹਾ ਹਾਂ, ਤਾਂ ਮਨ ਵਿੱਚ ਕੋਈ ਉਤਸ਼ਾਹ ਨਹੀਂ, ਸਗੋਂ ਇੱਕ ਸੰਤੋਖ ਹੈ। ਸੰਤੋਖ ਇਸ ਗੱਲ ਦਾ ਕਿ ਮੈਂ ਇੱਕ ਅਜਿਹੇ ਮਿੱਤਰ ਬਾਰੇ ਲਿਖਿਆ ਹੈ ਜਿਸ ਨੂੰ ਮੈਂ ਕਿਤਾਬਾਂ ਦੀਆਂ ਅਲਮਾਰੀਆਂ ਵਿੱਚੋਂ ਨਹੀਂ, ਸਗੋਂ ਸਮੇਂ ਦੇ ਨਾਲ-ਨਾਲ ਜਾਣਿਆ ਹੈ। ਇਹੀ ਅਰਦਾਸ ਕਰਾਦ ਹਾਂ ਕਿ ਪਰਮਾਤਮਾ ਉਸ ਨੂੰ ਦਿਨ ਦੋਗੁਣੀ ਰਾਤ ਚੌਗੁਣੀ ਤਰੱਕੀ ਬਖਸ਼ੇ।

ਬਲਦਾਂ ਦੇ ਸੰਗ ਬੀਤਿਆ ਪੰਜਾਬ ਦਾ ਉਹ ਦੌਰ

ਸਾਡੇ ਪਿੰਡਾਂ ਦੀ ਜ਼ਿੰਦਗੀ ਵਿੱਚ ਇੱਕ ਸਮਾਂ ਅਜਿਹਾ ਵੀ ਸੀ ਜਦੋਂ ਬਲਦਾਂ ਦੀ ਜੋੜੀ ਤੋਂ ਬਿਨਾਂ ਕਿਸਾਨ ਦਾ ਘਰ ਅਧੂਰਾ ਜਿਹਾ ਲੱਗਦਾ ਸੀ। ਘਰ ਵਿੱਚ ਬਲਦ ਹੋਣ ਦਾ ਮਤਲਬ ਸਿਰਫ਼ ਖੇਤੀ ਕਰਨ ਲਈ ਦੋ ਜਾਨਵਰ ਹੋਣਾ ਨਹੀਂ ਸੀ, ਸਗੋਂ ਘਰ ਦੇ ਦੋ ਅਜਿਹੇ ਜੀਅ ਹੋਣਾ ਸੀ ਜਿਨ੍ਹਾਂ ਨਾਲ ਪਰਿਵਾਰ ਦੇ ਹਰ ਮੈਂਬਰ ਦਾ ਕੋਈ ਨਾ ਕੋਈ ਰਿਸ਼ਤਾ ਜੁੜਿਆ ਹੁੰਦਾ ਸੀ। ਕਿਸਾਨ ਉਨ੍ਹਾਂ ਨਾਲ ਖੇਤਾਂ ਵਿੱਚ ਕੰਮ ਕਰਦਾ, ਉਨ੍ਹਾਂ ਦੀ ਸੇਵਾ ਕਰਦਾ, ਉਨ੍ਹਾਂ ਨੂੰ ਆਪਣੇ ਹੱਥੀਂ ਪੱਠੇ ਪਾਉਂਦਾ ਅਤੇ ਉਨ੍ਹਾਂ ਦੀਆਂ ਆਦਤਾਂ ਨੂੰ ਇੰਨਾ ਸਮਝਣ ਲੱਗ ਪੈਂਦਾ ਸੀ ਕਿ ਕਈ ਵਾਰ ਬਿਨਾਂ ਕੁਝ ਕਹੇ ਹੀ ਇੱਕ-ਦੂਜੇ ਦੀ ਗੱਲ ਸਮਝ ਆ ਜਾਂਦੀ ਸੀ।

ਅੱਜ ਜਦੋਂ ਪਿੰਡਾਂ ਵਿੱਚ ਕਿਤੇ-ਕਿਤੇ ਪੁਰਾਣੇ ਬਲਦਾਂ ਦੀ ਜੋੜੀ ਜਾਂ ਲੱਕੜ ਦਾ ਗੱਡਾ ਨਜ਼ਰ ਆ ਜਾਂਦਾ ਹੈ ਤਾਂ ਮਨ ਪੁਰਾਣੇ ਸਮੇਂ ਵੱਲ ਚਲਾ ਜਾਂਦਾ ਹੈ। ਉਹ ਸਮਾਂ ਜਦੋਂ ਸਵੇਰੇ ਬਲਦਾਂ ਦੇ ਗਲਾਂ ਵਿੱਚ ਪਈਆਂ ਟੱਲੀਆਂ ਦੀ ਆਵਾਜ਼ ਸੁਣਾਈ ਦਿੰਦੀ ਸੀ, ਕਿਸਾਨ ਉਨ੍ਹਾਂ ਨੂੰ ਲੈ ਕੇ ਖੇਤਾਂ ਵੱਲ ਜਾਂਦੇ ਸਨ ਅਤੇ ਸ਼ਾਮ ਨੂੰ ਕੰਮ ਤੋਂ ਪਰਤਦਿਆਂ ਉਨ੍ਹਾਂ ਦੇ ਨਾਲ ਹੀ ਘਰ ਆਉਂਦੇ ਸਨ। ਉਸ ਜੀਵਨ ਵਿੱਚ ਮਿਹਨਤ ਵੀ ਸੀ, ਥਕਾਵਟ ਵੀ ਸੀ, ਪਰ ਬਲਦਾਂ ਅਤੇ ਕਿਸਾਨ ਵਿਚਕਾਰ ਇੱਕ ਅਜਿਹਾ ਮੋਹ ਵੀ ਸੀ ਜਿਸ ਨੂੰ ਪੈਸਿਆਂ ਵਿੱਚ ਨਹੀਂ ਤੋਲਿਆ ਜਾ ਸਕਦਾ।

ਜਿਨ੍ਹਾਂ ਬਜ਼ੁਰਗਾਂ ਨੇ ਆਪਣੀ ਜਵਾਨੀ ਖੇਤਾਂ ਵਿੱਚ ਹਲ ਵਾਹੁੰਦਿਆਂ ਅਤੇ ਬਲਦਾਂ ਨਾਲ ਕੰਮ ਕਰਦਿਆਂ ਬਿਤਾਈ ਹੈ, ਉਨ੍ਹਾਂ ਲਈ ਇਹ ਜੀਵਨ ਅੱਜ ਵੀ ਯਾਦਾਂ ਦਾ ਅਹਿਮ ਹਿੱਸਾ ਹੈ। ਉਹ ਬਲਦਾਂ ਨੂੰ ਸਿਰਫ਼ ਕੰਮ ਕਰਨ ਵਾਲੇ ਜਾਨਵਰ ਨਹੀਂ ਸਮਝਦੇ ਸਨ, ਸਗੋਂ ਉਨ੍ਹਾਂ ਦੇ ਸੁਭਾਅ, ਆਦਤਾਂ ਅਤੇ ਥਕਾਵਟ ਤੱਕ ਨੂੰ ਪਛਾਣਦੇ ਸਨ। ਕਿਹੜਾ ਬਲਦ ਕਿਵੇਂ ਤੁਰਦਾ ਹੈ, ਕਿਹੜਾ ਆਵਾਜ਼ ਮਾਰਨ 'ਤੇ ਸਿਰ ਚੁੱਕਦਾ ਹੈ ਅਤੇ ਕਿਹੜਾ ਪਿਆਰ ਨਾਲ ਬੁਲਾਉਣ 'ਤੇ ਨੇੜੇ ਆ ਜਾਂਦਾ ਹੈ, ਇਹ ਸਭ ਕੁਝ ਉਨ੍ਹਾਂ ਦੇ ਰੋਜ਼ਾਨਾ ਜੀਵਨ ਦਾ ਹਿੱਸਾ ਸੀ।

ਰੋਜ਼ਾਨਾ ਇਕੱਠੇ ਕੰਮ ਕਰਨ ਦਾ ਅਸਰ ਇਹ ਹੁੰਦਾ ਸੀ ਕਿ ਬਲਦ ਵੀ ਆਪਣੇ ਮਾਲਕ ਦੀ ਆਵਾਜ਼, ਬੋਲਣ ਦੇ ਢੰਗ ਅਤੇ ਇਸ਼ਾਰਿਆਂ ਨੂੰ ਪਛਾਣਨ ਲੱਗ ਪੈਂਦੇ ਸਨ। ਕਿਸਾਨ ਨੇ ਆਵਾਜ਼ ਮਾਰਨੀ ਤਾਂ ਬਲਦ ਨੇ ਸਿਰ ਚੁੱਕ ਕੇ ਉਸ ਵੱਲ ਵੇਖ ਲੈਣਾ। ਕਦੇ ਚੱਲਣ ਲਈ ਕਹਿਣਾ, ਕਦੇ ਰੁਕਣ ਦਾ ਇਸ਼ਾਰਾ ਕਰਨਾ ਅਤੇ ਕਦੇ ਪਿਆਰ ਨਾਲ ਹੱਥ ਫੇਰ ਦੇਣਾ ਹੀ ਕਾਫ਼ੀ ਹੁੰਦਾ ਸੀ। ਇਹ ਸਮਝ ਕਿਸੇ ਇੱਕ ਦਿਨ ਵਿੱਚ ਨਹੀਂ ਬਣਦੀ ਸੀ। ਇਸ ਪਿੱਛੇ ਲੰਮਾ ਸਾਥ, ਸਾਂਝੀ ਮਿਹਨਤ ਅਤੇ ਇੱਕ-ਦੂਜੇ ਨਾਲ ਬਣਿਆ ਭਰੋਸਾ ਹੁੰਦਾ ਸੀ।

ਇਸ ਤੋਂ ਵੀ ਦਿਲਚਸਪ ਗੱਲ ਇਹ ਸੀ ਕਿ ਕਈ ਬਲਦ ਆਪਣੇ ਰੋਜ਼ ਦੇ ਰਾਹਾਂ ਨੂੰ ਚੰਗੀ ਤਰ੍ਹਾਂ ਪਛਾਣ ਲੈ

ਪਰਵਿੰਦਰ ਝੋਟੇ ਦਾ ਕਤਲ - ਪੰਜਾਬ ਦੀ ਜਵਾਨੀ ਲਈ ਉੱਠਦੀ ਆਵਾਜ਼ ਦਾ ਕਤਲ

ਪਰਵਿੰਦਰ ਸਿੰਘ ਝੋਟਾ ਵੱਲੋਂ ਨਸ਼ਾ ਤਸਕਰ ਮੈਡੀਕਲ ਸਟੋਰ ਦੇ ਮਾਲਕ ਅਸ਼ਵਨੀ ਕੁਮਾਰ ਵੱਲੋਂ ਸ਼ਰੇਆਮ ਨਸ਼ਾ ਵੇਚਣ ਤੇ ਸਬੂਤਾਂ ਸਮੇਤ ਜਦੋਂ ਉਸ ਨੂੰ ਨਸ਼ਾ ਵੇਚਣ ਤੇ ਸਵਾਲ ਕੀਤਾ ਗਿਆ ਤਾਂ ਉਸ ਨੇ ਪੰਜਾਬ ਦੀ ਜਵਾਨੀ ਲਈ ਉੱਠਦੀ ਪਰਵਿੰਦਰ ਝੋਟੇ ਦੀ ਅਵਾਜ਼ ਨੂੰ ਸਦਾ ਲਈ ਖ਼ਾਮੋਸ਼ ਕਰ ਦਿੱਤਾ। ਜਦੋਂ ਨਸ਼ਿਆਂ ਵਿਰੁੱਧ ਲੜਨ ਵਾਲੇ ਹੀ ਸੁਰੱਖਿਅਤ ਨਹੀਂ, ਤਾਂ ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਕੌਣ ਬਚਾਏਗਾ ? ਪੰਜਾਬ ਦੀ ਧਰਤੀ, ਜਿਸ ਨੇ ਕਦੇ ਆਪਣੇ ਸੂਰਬੀਰਾਂ ਦੀਆਂ ਲਲਕਾਰਾਂ ਨਾਲ ਜ਼ੁਲਮ ਦੀਆਂ ਜੜ੍ਹਾਂ ਹਿਲਾ ਦਿੱਤੀਆਂ ਸਨ, ਅੱਜ ਆਪਣੇ ਹੀ ਪੁੱਤਾਂ ਨੂੰ ਨਸ਼ਿਆਂ ਦੀ ਭੇਟ ਚੜ੍ਹਦਿਆਂ ਵੇਖ ਕੇ ਵਿਲਕ ਰਹੀ ਹੈ। ਇੱਕ ਪਾਸੇ ਨਸ਼ੇ ਘਰਾਂ ਦੇ ਘਰ ਉਜਾੜ ਰਹੇ ਹਨ, ਮਾਪਿਆਂ ਦੀਆਂ ਅੱਖਾਂ ਵਿੱਚੋਂ ਸੁਪਨੇ ਖੋਹ ਰਹੇ ਹਨ ਅਤੇ ਜਵਾਨੀ ਦੇ ਸੁਨਹਿਰੀ ਭਵਿੱਖ ਨੂੰ ਹਨ੍ਹੇਰੇ ਵਿੱਚ ਧੱਕ ਰਹੇ ਹਨ। ਦੂਜੇ ਪਾਸੇ, ਜਦੋਂ ਕੋਈ ਇਸ ਹਨ੍ਹੇਰੇ ਵਿਰੁੱਧ ਪਰਵਿੰਦਰ ਝੋਟਾ ਵਰਗਾ ਨੌਜਵਾਨ ਮਿਸ਼ਾਲ ਲੈ ਕੇ ਖੜ੍ਹਦਾ ਹੈ, ਤਾਂ ਉਸ ਦੇ ਰਾਹ ਵਿੱਚ ਵੀ ਅਨੇਕਾਂ ਖ਼ਤਰੇ ਖੜ੍ਹੇ ਹੋ ਜਾਂਦੇ ਹਨ। ਮਾਨਸਾ ਵਿੱਚ ਨਸ਼ਿਆਂ ਵਿਰੁੱਧ ਮੁਹਿੰਮ ਚਲਾਉਣ ਵਾਲੇ ਪਰਵਿੰਦਰ ਸਿੰਘ ਝੋਟਾ ਦਾ ਕਤਲ ਇਸੇ ਗੰਭੀਰ ਸੰਕਟ ਵੱਲ ਧਿਆਨ ਦਿਵਾਉਂਦਾ ਹੈ। 13 ਅਕਤੂਬਰ 2026 ਨੂੰ ਵਾਪਰੀ ਇਸ ਘਟਨਾ ਨੇ ਪੰਜਾਬ ਦੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਸ ਇੱਕ ਜਾਨ ਦਾ ਅੰਤ ਅਨੇਕਾਂ ਸਵਾਲਾਂ ਦੀ ਸ਼ੁਰੂਆਤ ਕਰਦਾ ਹੈ।

ਪਰਵਿੰਦਰ ਝੋਟਾ ਲਗਾਤਾਰ ਨਸ਼ਿਆਂ ਵਿਰੁੱਧ ਆਵਾਜ਼ ਉਠਾ ਰਿਹਾ ਸੀ। ਉਸ ਦੀਆਂ ਸਰਗਰਮੀਆਂ ਦਾ ਕੇਂਦਰ ਨਸ਼ਿਆਂ ਦੀ ਸਮੱਸਿਆ ਨੂੰ ਲੋਕਾਂ ਸਾਹਮਣੇ ਲਿਆਉਣਾ ਅਤੇ ਇਸ ਵਿਰੁੱਧ ਲੋਕਾਂ ਨੂੰ ਲਾਮਬੰਦ ਕਰਨਾ ਸੀ। ਉਹ ਪੰਜਾਬ ਦੀ ਉਸ ਪੀੜ ਨੂੰ ਆਵਾਜ਼ ਦੇ ਰਿਹਾ ਸੀ, ਜਿਸ ਨੂੰ ਹਰ ਰੋਜ਼ ਅਨੇਕਾਂ ਪਰਿਵਾਰ ਆਪਣੇ ਘਰਾਂ ਵਿੱਚ ਹੰਢਾ ਰਹੇ ਹਨ। ਨਸ਼ੇ ਕਾਰਨ ਪੁੱਤ ਗੁਆ ਚੁੱਕੀਆਂ ਮਾਂਵਾਂ ਦੇ ਹੰਝੂ, ਜਵਾਨ ਪੁੱਤ ਦੀ ਉਡੀਕ ਕਰਦੇ ਬਜ਼ੁਰਗ ਮਾਪੇ ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈ ਕੇ ਚਿੰਤਤ ਪਰਿਵਾਰ ਕਿਸੇ ਇੱਕ ਪਿੰਡ ਜਾਂ ਸ਼ਹਿਰ ਦੀ ਕਹਾਣੀ ਨਹੀਂ, ਸਗੋਂ ਪੰਜਾਬ ਦੇ ਬਹੁਤ ਸਾਰੇ ਘਰਾਂ ਦੀ ਸਾਂਝੀ ਪੀੜ ਹੈ। ਅਜਿਹੇ ਹਾਲਾਤ ਵਿੱਚ ਜਦੋਂ ਕੋਈ ਵਿਅਕਤੀ ਨਸ਼ਿਆਂ ਵਿਰੁੱਧ ਡਟ ਕੇ ਬੋਲਦਾ ਹੈ, ਤਾਂ ਉਸ ਦੀ ਆਵਾਜ਼ ਨੂੰ ਸਿਰਫ਼ ਇੱਕ ਵਿਅਕਤੀ ਦੀ ਆਵਾਜ਼ ਸਮਝ ਕੇ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਹ ਆਵਾਜ਼ ਉਨ੍ਹਾਂ ਮਾਪਿਆਂ ਦੀ ਵੀ ਹੁੰਦੀ ਹੈ, ਜਿਨ੍ਹਾਂ ਦੇ ਬੱਚੇ ਨਸ਼ਿਆਂ ਦੀ ਲਪੇਟ ਵਿੱਚ ਆ ਚੁੱਕੇ ਹਨ। ਉਹ ਉਨ੍ਹਾਂ ਭੈਣਾਂ ਦੀ ਵੀ ਹੁੰਦੀ ਹੈ, ਜਿਨ੍ਹਾਂ ਦੇ ਭਰਾਵਾਂ ਦੇ ਭਵਿੱਖ ਨੂੰ ਨਸ਼ਿਆਂ ਨੇ ਖੋਹ ਲਿਆ ਹੈ। ਉਹ ਉਨ੍ਹਾਂ ਪਰਿਵਾਰਾਂ ਦੀ ਵੀ ਹੁੰਦੀ ਹੈ, ਜੋ ਆਪਣੇ ਘਰਾਂ ਵਿੱਚ ਮੁੜ ਖ਼ੁਸ਼ੀਆਂ ਪਰਤਦੀਆਂ ਦੇਖਣਾ ਚਾਹੁੰਦੇ ਹਨ।

ਪਰਵਿੰਦਰ ਸਿੰਘ ਝੋਟਾ ਦੀ ਮੌਤ ਨੇ ਇਹ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਕੀ ਨਸ਼ਿਆਂ ਵਿਰੁੱਧ ਆਵਾਜ਼ ਚੁੱਕਣ ਵਾਲੇ ਲੋਕਾਂ ਨੂੰ ਆਪਣੀ ਸੁਰੱਖਿਆ ਦੀ ਚਿੰਤਾ ਵਿੱਚ ਹੀ ਘਿਰੇ ਰਹਿਣਾ ਪਵੇਗਾ ? ਕੀ ਸਮਾਜ ਨੂੰ ਬਰਬਾਦ ਕਰਨ ਵਾਲੇ ਨਸ਼ਿਆਂ ਵਿਰੁੱਧ ਬੋਲਣਾ ਵੀ ਖ਼ਤਰੇ ਦਾ ਕੰਮ ਬਣਦਾ ਜਾ ਰਿਹਾ ਹੈ ? ਪੰਜਾਬ ਦੀ ਜਵਾਨੀ ਨੂੰ ਬਚਾਉਣ ਵਾਲ ? ?ਆਂ ਨੂੰ ਸੁਰੱਖਿਆ ਕੌਣ ਦੇਵੇਗਾ ? ਨਸ਼ਿਆਂ ਦਾ ਮੁੱਦਾ ਸਿਰਫ਼ ਨਿੱਜੀ ਆਦਤ ਜਾਂ ਕਿਸੇ ਇੱਕ ਵਿਅਕਤੀ ਦੀ ਕਮਜ਼ੋਰੀ ਦਾ ਮੁੱਦਾ ਨਹੀਂ ਹੈ। ਇਹ ਇੱਕ ਗੰਭੀਰ ਸਮਾਜਿਕ ਸਮੱਸਿਆ ਹੈ, ਜਿਸ ਦੀਆਂ ਜੜ੍ਹਾਂ ਵਿੱਚ ਨਸ਼ਿਆਂ ਦੀ ਸਪਲਾਈ, ਗ਼ੈਰ-ਕਾਨੂੰਨੀ ਕਾਰੋਬਾਰ, ਬੇਰੁਜ਼ਗਾਰੀ, ਨਿਰਾਸ਼ਾ ਅਤੇ ਪ੍ਰਸ਼ਾਸਨਿਕ ਨਾਕਾਮੀਆਂ ਵਰਗੇ ਕਈ ਪੱਖ ਸ਼ਾਮਲ ਹੋ ਸਕਦੇ ਹਨ। ਇਸ ਨਾਲ ਨਜਿੱਠਣ ਲਈ ਸਿਰਫ਼ ਭਾਸ਼ਣਾਂ ਜਾਂ ਮੁਹਿੰਮਾਂ ਦੀ ਨਹੀਂ, ਸਗੋਂ ਠੋਸ ਕਾਰਵਾਈ ਦੀ ਲੋੜ ਹੈ।

ਜੇ ਕੋਈ ਵਿਅਕਤੀ ਨਸ਼ਿਆਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਬਾਰੇ ਜਾਣਕਾਰੀ ਸਾਹਮਣੇ ਲਿਆਉਂਦਾ ਹੈ, ਤਾਂ ਉਸ ਦੀ ਸ਼ਿਕਾਇਤ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਜੇ ਉਸ ਨੂੰ ਧਮਕੀਆਂ ਮਿਲਦੀਆਂ ਹਨ, ਤਾਂ ਉਸ ਦੀ ਸੁਰੱਖਿਆ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਜੇ ਕਿਸੇ ਵਿਰੁੱਧ ਦੋਸ਼ ਸਾਬਤ ਹੁੰਦੇ ਹਨ, ਤਾਂ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ। ਕਾਨੂੰਨ ਦਾ ਰਾਜ ਇਸੇ ਨੂੰ ਕਿਹਾ ਜਾਂਦਾ ਹੈ ਕਿ ਕੋਈ ਵੀ ਵਿਅਕਤੀ ਆਪਣੇ ਅਹੁਦੇ, ਪੈਸੇ, ਪਹੁੰਚ ਜਾਂ ਤਾਕਤ ਦੇ ਬਲ 'ਤੇ ਕਾਨੂੰਨ ਤੋਂ ਉੱਪਰ ਨਾ ਹੋਵੇ। ਪਰਵਿੰਦਰ ਸਿੰਘ ਝੋਟਾ ਦੇ ਮਾਮਲੇ ਵਿੱਚ ਵੀ ਪੁਲਿਸ ਅਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਕਤਲ ਦੇ ਪੂਰੇ ਮਾਮਲੇ ਦੀ ਨਿਰਪੱਖ ਜਾਂਚ ਕੀਤੀ ਜਾਵੇ, ਸਬੂਤਾਂ ਦੇ ਆਧਾਰ 'ਤੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ ਅਤੇ ਉਸ ਦੇ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ। ਇਹ ਸਿਰਫ਼ ਇੱਕ ਪਰਿਵਾਰ ਦੀ ਮੰਗ ਨਹੀਂ, ਸਗੋਂ ਕਾਨੂੰਨ ਵਿਵਸਥਾ ਵਿੱਚ ਲੋਕਾਂ ਦੇ ਭਰੋਸੇ ਦਾ ਸਵਾਲ ਵੀ ਹੈ। ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਨਾਅਰਿਆਂ ਨਾਲ ਨਹੀਂ ਜਿੱਤੀ ਜਾ ਸਕਦੀ ।ਸਵਾਲ ਇਹ ਵੀ ਹੈ ਕਿ ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਨੂੰ ਜੜ੍ਹੋਂ ਖ਼ਤਮ ਕਰਨ ਲਈ ਅਸਲ ਵਿੱਚ ਕਿੰਨੇ ਗੰਭੀਰ ਯਤਨ ਹੋ ਰਹੇ ਹਨ ? ਜੇ ਨਸ਼ੇ ਵੇਚਣ ਵਾਲੇ ਜਾਲ ਸਰਗਰਮ ਰਹਿੰਦੇ ਹਨ, ਜੇ ਨੌਜਵਾਨ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਫ਼ਸਦੇ ਜਾਂਦੇ ਹਨ ਅਤੇ ਜੇ ਪਰਿਵਾਰ ਆਪਣੇ ਬੱਚਿਆਂ ਨੂੰ ਬਚਾਉਣ ਲਈ ਦਰ-ਦਰ ਭਟਕਦੇ ਹਨ, ਤਾਂ ਸਾਨੂੰ ਆਪਣੀ ਪੂਰੀ ਵਿਵਸਥਾ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਉਣੇ ਹੀ ਪੈਣਗੇ।

ਨਸ਼ਿਆਂ ਵਿਰੁੱਧ ਲੜਾਈ ਦਾ ਅਰਥ ਸਿਰਫ਼ ਨਸ਼ਾ ਕਰਨ ਵਾਲੇ ਨੌਜਵਾਨ ਨੂੰ ਫੜਨਾ ਨਹੀਂ ਹੋਣਾ ਚਾਹੀਦਾ। ਨਸ਼ਾ ਵੇਚਣ ਵਾਲੇ ਨੈੱਟਵਰਕਾਂ ਦੀ ਜਾਂਚ, ਸਪਲਾਈ 'ਤੇ ਰੋਕ, ਨਸ਼ਾ ਛੁਡਾਊ ਸੇਵਾਵਾਂ ਦੀ ਉਪਲਬਧਤਾ, ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਅਤੇ ਪਰਿਵਾਰਾਂ ਨੂੰ ਸਹਿਯੋਗ ਦੇਣਾ ਵੀ ਇਸ ਲੜਾਈ ਦੇ ਅਹਿਮ ਹਿੱਸੇ ਹਨ। ਨਸ਼ੇ ਦੀ ਲਪੇਟ ਵਿੱਚ ਆ ਚੁੱਕੇ ਨੌਜਵਾਨਾਂ ਨੂੰ ਸਿਰਫ਼ ਨਫ਼ਰਤ ਜਾਂ ਤਿਰਸਕਾਰ ਦੀ ਨਜ਼ਰ ਨਾਲ ਦੇਖਣ ਦੀ ਬਜਾਏ ਉਨ੍ਹਾਂ ਦੇ ਇਲਾਜ ਅਤੇ ਮੁੜ ਵਸੇਬੇ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਨਵੀਂ ਜ਼ਿੰਦਗੀ ਸ਼ੁਰੂ ਕਰਨ ਦਾ ਮੌਕਾ ਮਿਲਣਾ ਚਾਹੀਦਾ ਹੈ। ਇਸ ਦੇ ਨਾਲ ਹੀ ਨਸ਼ਿਆਂ ਦੇ ਗ਼ੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਲੋਕਾਂ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਹੋਣੀ ਚਾਹੀਦੀ ਹੈ। ਪੀੜਤ ਨੂੰ ਸਹਾਰਾ ਅਤੇ ਅਪਰਾਧੀ ਨੂੰ ਸਜ਼ਾ ਇਹ ਦੋਵੇਂ ਗੱਲਾਂ ਇੱਕੋ ਸਮੇਂ ਜ਼ਰੂਰੀ ਹਨ।

ਕੀ ਇੱਕ ਆਵਾਜ਼ ਦੇ ਚੁੱਪ ਹੋਣ ਨਾਲ ਸਵਾਲ ਵੀ ਮੁੱਕ ਜਾਣਗੇ ? ਪਰਵਿੰਦਰ ਝੋਟਾ ਦੀ ਮੌਤ ਤੋਂ ਬਾਅਦ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਹੁਣ ਉਸ ਦੀ ਥਾਂ ਕੌਣ ਲਵੇਗਾ, ਸਗੋਂ ਇਹ ਹੈ ਕਿ ਉਸ ਵੱਲੋਂ ਉਠਾਏ ਗਏ ਸਵਾਲਾਂ ਦੇ ਜਵਾਬ ਕੌਣ ਦੇਵੇਗਾ ? ਕੀ ਪੰਜਾਬ ਵਿੱਚ ਨਸ਼ਿਆਂ ਦੀ ਸਪਲਾਈ ਰੁਕੇਗੀ ? ਕੀ ਨਸ਼ਿਆਂ ਦੇ ਕਾਰੋਬਾਰ ਨਾਲ ਜੁੜੇ ਨੈੱਟਵਰਕਾਂ ਦੀ ਨਿਰਪੱਖ ਜਾਂਚ ਹੋਵੇਗੀ ? ਕੀ ਨਸ਼ਿਆਂ ਵਿਰੁੱਧ ਸ਼ਿਕਾਇਤ ਕਰਨ ਵਾਲਿਆਂ ਨੂੰ ਸੁਰੱਖਿਆ ਮਿਲੇਗੀ ? ਕੀ ਸਾਡੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਿਆਸੀ ਇੱਛਾ-ਸ਼ਕਤੀ ਅਤੇ ਪ੍ਰਸ਼ਾਸਨਿਕ ਜਵਾਬਦੇਹੀ ਦਿਖਾਈ ਦੇਵੇਗੀ ? ਇਨ੍ਹਾਂ ਸਵਾਲਾਂ ਦਾ ਜਵਾਬ ਸੋਸ਼ਲ ਮੀਡੀਆ 'ਤੇ ਕੁਝ ਦਿਨਾਂ ਦੀ ਚਰਚਾ ਜਾਂ ਸਿਆਸੀ ਬਿਆਨਾਂ ਨਾਲ ਨਹੀਂ ਮਿਲਣਾ। ਜਵਾਬ ਜ਼ਮੀਨੀ ਪੱਧਰ 'ਤੇ ਹੋਣ ਵਾਲੀ ਕਾਰਵਾਈ ਵਿੱਚੋਂ ਮਿਲੇਗਾ। ਲੋਕਾਂ ਨੂੰ ਇਹ ਦਿਖਾਈ ਦੇਣਾ ਚਾਹੀਦਾ ਹੈ ਕਿ ਨਸ਼ਿਆਂ ਵਿਰੁੱਧ ਮੁਹਿੰਮ ਸਿਰਫ਼ ਕਿਸੇ ਇੱਕ ਵਿਅਕਤੀ ਦੀ ਕੋਸ਼ਿਸ਼ ਨਹੀਂ, ਸਗੋਂ ਪੂਰੇ ਸਮਾਜ ਅਤੇ ਸਰਕਾਰ ਦੀ ਸਾਂਝੀ ਜ਼ਿੰਮੇਵਾਰੀ ਹੈ। ਕਿਸੇ ਵੀ ਵਿਅਕਤੀ ਦੇ ਕੰਮ ਕਰਨ ਦੇ ਤਰੀਕਿਆਂ ਬਾਰੇ ਵੱਖੋ-ਵੱਖਰੇ ਵਿਚਾਰ ਹੋ ਸਕਦੇ ਹਨ, ਪਰ ਨਸ਼ਿਆਂ ਵਰਗੀ ਗੰਭੀਰ ਸਮਾਜਿਕ ਸਮੱਸਿਆ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਰ ਦੋਸ਼ ਦੀ ਜਾਂਚ ਸਬੂਤਾਂ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ ਅਤੇ ਕਿਸੇ ਵੀ ਵਿਵਾਦ ਦਾ ਨਿਪਟਾਰਾ ਹਿੰਸਾ ਦੀ ਬਜਾਏ ਕਾਨੂੰਨ ਰਾਹੀਂ ਹੋਣਾ ਚਾਹੀਦਾ ਹੈ।

ਪਰਵਿੰਦਰ ਸਿੰਘ ਝੋਟਾ ਦੀ ਮੌਤ ਪੰਜਾਬ ਲਈ ਇੱਕ ਗੰਭੀਰ ਚਿਤਾਵਨੀ ਹੈ। ਜੇ ਨਸ਼ਿਆਂ ਵਿਰੁੱਧ ਕੰਮ ਕਰਨ ਵਾਲੇ ਲੋਕਾਂ ਦੀ ਸੁਰੱਖਿਆ ਯਕੀਨੀ ਨਹੀਂ ਬਣਾਈ ਜਾਂਦੀ, ਤਾਂ ਇਸ ਦਾ ਅਸਰ ਸਮਾਜ ਵਿੱਚ ਹੋਰ ਲੋਕਾਂ ਦੇ ਹੌਸਲੇ 'ਤੇ ਵੀ ਪੈ ਸਕਦਾ ਹੈ। ਲੋਕਾਂ ਨੂੰ ਇਹ ਭਰੋਸਾ ਹੋਣਾ ਚਾਹੀਦਾ ਹੈ ਕਿ ਉਹ ਕਿਸੇ ਗ਼ਲਤ ਕੰਮ ਬਾਰੇ ਜਾਣਕਾਰੀ ਦੇ ਸਕਦੇ ਹਨ, ਆਪਣੀ ਗੱਲ ਰੱਖ ਸਕਦੇ ਹਨ ਅਤੇ ਕਾਨੂੰਨ ਉਨ੍ਹਾਂ ਦੀ ਰੱਖਿਆ ਕਰੇਗਾ। ਇਹ ਸਮਾਂ ਇੱਕ-ਦੂਜੇ 'ਤੇ ਦੋਸ਼ ਲਾਉਣ ਦਾ ਹੀ ਨਹੀਂ, ਸਗੋਂ ਆਪਣੀਆਂ ਜ਼ਿੰਮੇਵਾਰੀਆਂ ਪਛਾਣਨ ਦਾ ਵੀ ਹੈ। ਸਰਕਾਰ ਨੂੰ ਜਵਾਬਦੇਹ ਹੋਣਾ ਪਵੇਗਾ, ਪੁਲਿਸ ਨੂੰ ਨਿਰਪੱਖ ਕਾਰਵਾਈ ਕਰਨੀ ਪਵੇਗੀ, ਸਮਾਜ ਨੂੰ ਨਸ਼ਿਆਂ ਵਿਰੁੱਧ ਇਕਜੁੱਟ ਹੋਣਾ ਪਵੇਗਾ ਅਤੇ ਪਰਿਵਾਰਾਂ ਨੂੰ ਆਪਣੇ ਬੱਚਿਆਂ ਨਾਲ ਗੱਲਬਾਤ ਦਾ ਰਸਤਾ ਅਪਣਾਉਣਾ ਪਵੇਗਾ।

ਪਰਵਿੰਦਰ ਸਿੰਘ ਝੋਟਾ ਦੀ ਮੌਤ ਨੂੰ ਸਿਰਫ਼ ਇੱਕ ਖ਼ਬਰ ਬਣ ਕੇ ਨਹੀਂ ਰਹਿ ਜਾਣਾ ਚਾਹੀਦਾ। ਇਹ ਪੰਜਾਬ ਦੀ ਜਵਾਨੀ ਨੂੰ ਬਚਾਉਣ ਲਈ ਇੱਕ ਸਾਂਝੇ ਸੰਕਲਪ ਦਾ ਕਾਰਨ ਬਣਨੀ ਚਾਹੀਦੀ ਹੈ। ਕਿਉਂਕਿ ਸੱਚ ਇਹ ਹੈ ਕਿ ਇੱਕ ਵਿਅਕਤੀ ਦੀ ਆਵਾਜ਼ ਨੂੰ ਚੁੱਪ ਕਰਾਇਆ ਜਾ ਸਕਦਾ ਹੈ, ਪਰ ਉਸ ਵੱਲੋਂ ਉਠਾਏ ਗਏ ਸਵਾਲਾਂ ਨੂੰ ਹਮੇਸ਼ਾ ਲਈ ਦਬਾਇਆ ਨਹੀਂ ਜਾ ਸਕਦਾ। ਨਸ਼ਿਆਂ ਵਿਰੁੱਧ ਲੜਾਈ ਕਿਸੇ ਇੱਕ ਪਰਵਿੰਦਰ ਝੋਟੇ ਦੀ ਨਹੀਂ ਸੀ, ਸਗੋਂ ਪੰਜਾਬ ਦੇ ਹਰ ਉਸ ਮਾਪੇ ਦੀ ਲੜਾਈ ਹੈ ਜੋ ਆਪਣੇ ਬੱਚੇ ਨੂੰ ਸੁਰੱਖਿਅਤ ਅਤੇ ਤੰਦਰੁਸਤ ਦੇਖਣਾ ਚਾਹੁੰਦਾ ਹੈ। ਪਰਵਿੰਦਰ ਸਿੰਘ ਝੋਟਾ ਪੰਜਾਬ ਦੀ ਨੌਜਵਾਨੀ ਦੇ ਭਵਿੱਖ ਲਈ ਲੜਦਾ ਹੋਇਆ ਮਾਰਿਆ ਗਿਆ। ਉਸ ਦੀ ਕੁਰਬਾਨੀ ਵਿੱਚੋਂ ਬਹੁਤ ਸਵਾਲ ਖੜ੍ਹੇ ਹੋ ਰਹੇ ਹਨ। ਨਸ਼ਿਆਂ ਖ਼ ?ਲਾਫ਼ ਨਿਰੰਤਰ ਲੜਾਈ ਜਾਰੀ ਰੱਖਣ ਵਾਲੇ ਇਸ ਯੋਧੇ ਦੀ ਕੁਰਬਾਨੀ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ।

ਬਰਜਿੰਦਰ ਕੌਰ ਬਿਸਰਾਓ..
9988901324

ਬੱਚਿਓ ! ਪੜ੍ਹਾਈ ਦੇ ਨਾਲ-ਨਾਲ ਹੋਰ ਕੁਝ ਵੀ ਸਿੱਖਦੇ - ਕਰਦੇ ਰਹੋ....

ਪਿਆਰੇ ਬੱਚਿਓ ! ਅਸੀਂ ਸਭ ਜਾਣਦੇ ਹਾਂ ਕਿ ਸਾਡੇ ਸਭ ਦੇ ਕੋਲ ਹਰ ਰੋਜ਼ 24 ਘੰਟੇ ਦਾ ਬਰਾਬਰ ਦਾ ਸਮਾਂ ਹੁੰਦਾ ਹੈ। ਸਕੂਲ ਵਿੱਚ ਤਾਂ ਅਸੀਂ ਇਨ੍ਹਾਂ 24 ਘੰਟਿਆਂ ਵਿਚੋਂ ਕੇਵਲ 6 - 7 ਘੰਟੇ ਦਾ ਸਮਾਂ ਹੀ ਪੜ੍ਹਾਈ ਲਈ ਬਤੀਤ ਕਰਨਾ ਹੁੰਦਾ ਹੈ ।ਇਹਨਾਂ 6 - 7 ਘੰਟਿਆਂ ਤੋਂ ਇਲਾਵਾ ਸਾਡੇ ਕੋਲ਼ ਲਗਭਗ 18 ਘੰਟਿਆਂ ਦਾ ਸਮਾਂ ਰਹਿ ਜਾਂਦਾ ਹੈ ।ਇਹਨਾਂ 18 ਘੰਟਿਆਂ ਵਿੱਚੋਂ 6 - 7 ਘੰਟੇ ਨੀਂਦ ਦੇ ਲਈ ਅਤੇ ਲਗਭਗ 2 ਘੰਟੇ ਹੋਰ ਫੁਟਕਲ ਕੰਮਾਂ ਜਿਵੇਂ : ਖਾਣਾ ਖਾਣ , ਨਹਾਉਣ , ਤਿਆਰ ਹੋਣ ਆਦਿ ਲਈ ਕੱਢ ਦੇਣ ਤੋਂ ਬਾਅਦ ਸਾਡੇ ਸਭ ਦੇ ਕੋਲ ਘੱਟ ਤੋਂ ਘੱਟ ਲਗਭਗ 8 ਘੰਟੇ ਦਾ ਸਮਾਂ ਫਿਰ ਵੀ ਬਚ ਜਾਂਦਾ ਹੈ ।ਬੱਚਿਓ ! ਇਹ ਬਚਿਆ ਹੋਇਆ 8 ਘੰਟਿਆਂ ਦਾ ਸਮਾਂ ਬਹੁਤ ਜਾਂ ?ਆਦਾ ਸਮਾਂ ਹੁੰਦਾ ਹੈ। ਹੁਣ ਸੋਚਣ - ਸਮਝਣ ਵਾਲੀ ਗੱਲ ਇਹ ਹੈ ਕਿ ਇਨ੍ਹਾਂ 8 ਘੰਟਿਆਂ ਵਿੱਚੋਂ ਘੱਟ ਤੋਂ ਘੱਟ ਅੱਧਾ ਸਮਾਂ ਭਾਵ ਕਿ ਕੇਵਲ ਤੇ ਕੇਵਲ 4 ਘੰਟਿਆਂ ਦੇ ਸਮੇਂ ਨੂੰ ਵੀ ਜੇਕਰ ਅਸੀਂ ਕੁਝ ਨਵਾਂ ਕਰਨ , ਨਵਾਂ ਸਿੱਖਣ , ਨਵਾਂ ਲਿਖਣ , ਨਵਾਂ ਸਾਹਿਤ ਪੜ੍ਹਨ ਜਾਂ ਆਪਣੀ ਕਿਸੇ ਕਲਾ ਨੂੰ ਨਿਖਾਰਨ , ਪੇਂਟਿੰਗ ਕਰਨ , ਕਵਿਤਾ - ਕਹਾਣੀ ਲਿਖਣ , ਲਾਇਬਰੇਰੀ ਦੀਆਂ ਪੁਸਤਕਾਂ ਪੜ੍ਹਨ , ਬਾਲ - ਸਾਹਿਤ ਨੂੰ ਘੋਖਣ ਆਦਿ ਜਿਹੇ ਸੁਚਾਰੂ ਕੰਮਾਂ ਜਾਂ ਆਪਣੀਆਂ ਰੁਚੀਆਂ ਦੇ ਨਿਖਾਰ ਅਤੇ ਵਿਕਾਸ 'ਤੇ (ਕੇਵਲ 4 ਘੰਟੇ ਪ੍ਰਤੀ ਦਿਨ) ਲਗਾਈਏ ਤਾਂ ਤੁਹਾਨੂੰ ਇਸ ਦੇ ਹੈਰਾਨੀਜਨਕ , ਸੁਚਾਰੂ ਤੇ ਸਾਰਥਕ ਨਤੀਜੇ ਜੀਵਨ ਵਿੱਚ ਦੇਖਣ ਨੂੰ ਮਿਲਣਗੇ। ਜਿਸ ਬਾਰੇ ਕਿ ਤੁਸੀਂ ਖ਼ੁਦ ਵੀ ਕਦੇ ਸੋਚਿਆ ਨਹੀਂ ਹੋਵੇਗਾ। ਬੱਚਿਓ ! ਹਰ ਰੋਜ਼ ਦੇ ਇਹ 4 ਘੰਟੇ , ਸਾਲ ਵਿੱਚ 1460 ਘੰਟੇ ਜਾਂ 60 ਦਿਨ ਜਾਂ ਕਹਿ ਲਓ ਕਿ ਸਾਲ ਦੇ 12 ਮਹੀਨਿਆਂ ਵਿੱਚੋਂ ਘੱਟ ਤੋਂ ਘੱਟ ਇਹ 2 ਮਹੀਨੇ ਦਾ ਸਮਾਂ , ਜੋ ਕਿ ਬਹੁਤ ਹੀ ਜਾਂ ?ਆਦਾ ਸਮਾਂ ਹੁੰਦਾ ਹੈ ; ਇਹ ਸਾਡੇ ਵਿੱਚ ਜਿੱਥੇ ਗਿਆਨ ਦਾ ਵਿਕਾਸ ਕਰੇਗਾ , ਉੱਥੇ ਹੀ ਸਾਡੇ ਜੀਵਨ ਵਿੱਚ ਬਹੁਤ ਹੀ ਕ੍ਰਾਂਤੀਕਾਰੀ , ਪ੍ਰਭਾ

ਕੈਨੇਡਾ ਦਾ ਵੀਜਾ ਤੇ ਸਬਰ ਦਾ ਸੀਰ

ਐਡਵੋਕੈਟ ਰਵਿੰਦਰ ਸਿੰਘ ਧਾਲੀਵਾਲ
ਮੋ 78374 90309
Adv.dhaliwal@gmail.com

ਭਗਵਾਨ ਸਿੰਘ ਦੇ ਛੋਟੇ ਭਰਾ ਈਸ਼ਰ ਸਿੰਘ ਦਾ ਮੁੰਡਾ ਕੈਨੇਡਾ ਜਾਣ ਲਈ ਘਰ ਵਿੱਚ ਰੋਜ ਕਲੇਸ਼ ਕਰਦਾ ਸੀ । ਸਾਂਝੇ ਪਰਿਵਾਰ ਦੇ ਹੁੰਦਿਆ ਵੀ ਭਗਵਾਨ ਸਿਆ ਨੇ ਕਦੇ ਦਖਲ ਅੰਦਾਜੀ ਨਾ ਕੀਤੀ । ਪਿੰਡ ਦੇ ਨੰਬਰਦਾਰ ਹੋਣ ਕਰਕੇ ਗੱਲ ਨੂੰ ਦਬਾ ਕੇ ਰੱਖਣ ਵਿੱਚ ਹੀ ਭਲਾਈ ਜਾਪੀ । ਡਿਟੀਜਲ ਯੁੱਗ ਦੀ ਪੀੜੀ ਵਿਰਾਸਤੀ ਅਹੁਦੇਦਾਰੀਆਂ ਨੂੰ ਵਾਧੂ ਕੰਮਾਂ ਹੀ ਸਮਝਦੇ ਹਨ।

ਚੰਗੀ ਖੇਤੀ ਸਦਕਾ ਸਾਝਾ ਪਰਿਵਾਰ ਵਧੀਆ ਗੁਜਾਰਾ ਕਰ ਰਿਹਾ ਸੀ । ਭਗਵਾਨ ਸਿਆ ਏਕੇ ਦੀ ਬਰਕਤ ਨੂੰ ਮੰਨਦਿਆ ਕਦੇ ਵੰਡ ਵੰਡਾਈ ਬਾਰੇ ਸੋਚਿਆ ਵੀ ਨਹੀਂ , ਸਗੋਂ ਮਦਦ ਲਈ ਹਮੇਸ਼ਾ ਪਹਿਲ ਕਰਦਾ । ਈਸ਼ਰ ਸਿਆਂ ਇਕਲੌਤੇ ਮੁੰਡੇ ਦੀ ਜਿੱਦ ਅੱਗੇ ਝੁਕਦਿਆ ਵਿਦੇਸ ਭੇਜਣ ਦੀ ਹਾਮੀ ਭਰ ਬੈਠਾ । ਉਧਰੋ ਆੜਤੀਆਂ ਨੇ ਲੱਖਾਂ ਰੁਪਏ ਦੇਣ ਤੋਂ ਇਨਕਾਰ ਕਰ ਦਿੱਤਾ, ਪਰ ਕਨੇਡਾ ਜਾਣ ਵਾਲੀ ਗੱਲ ਨੂੰ ਵਜਨੀ ਆਖਦਿਆ ਜ਼ਮੀਨ ਵੇਚ ਕੇ ਮੁੰਡੇ ਦੇ ਸੁਨਹਿਰੀ ਭਵਿੱਖ ਬਣਾਉਣ ਦੀ ਸੁਲਹਾ ☀ਜਰੂਰ ਮਾਰੀ । ਇਹ ਗੱਲ ਵੀ ਕੰਨੀ ਪਾਉਣੋ ਨਾ ਟਲਿਆ ਜਮੀਨਾਂ ਤਾ ਡਾਲਰਾਂ ਦੀ ਕਮਾਈ ਨਾਲ ਜਦ ਮਰਜ਼ੀ ਖਰੀਦ ਸਕਦੇ ਹੋ । ਖੁਦ ਆੜਤੀਏ ਦਾ ਮੁੰਡਾ ਏ ਸੀ ਕਮਰੇ ਵਿੱਚ ਬੈਠਾ ਲੋਕਾਂ ਦੇ ਵਿਆਜੂ ਪੈਸੇ ਦਾ ਹਿਸਾਬ ਨਿਬੇੜਨ ਵਿੱਚ ਮਗਨ ਸੀ । ਉਸ ਨੂੰ ਦੇਖ ਕੇ ਈਸ਼ਰ ਕਰਮੇ ਨੂੰ ਹੁੱਜ ਮਾਰ ਕੇ ਕਹਿੰਦਾ ਬਈ ਜਿਹਨੂੰ ਕੰਮ ਦਾ ਤਰੀਕਾ ਉਹਦਾ ਇੱਥੇ ਹੀ ਮਰੀਕਾ

ਈਸ਼ਰ ਸਿੰਘ ਘਰ ਬੜਦਿਆ ਹੀ ਆਪਣਾ ਹਿੱਸਾ ਦੇਣ ਲਈ ਆਖ ਦਿੱਤਾ । ਲਾਣੇਦਾਰ ਅਚੰਬਤ ਹੋ ਕੇ ਬੋਲਿਆ , ਕਿ ਵੰਡ ਵੰਡਾਈ ਤਾਂ ਕਰਨਾ ਹੀ ਸੀ ਪਰ ਆਪਣੇ ਜਿਉਦੇ ਜੀ ਅਜਿਹਾ ਕਦੇ ਨਹੀਂ ਸੋਚਿਆ ਸੀ । ਭਗਵਾਨ ਸਿਆ ਸੀਰੀ ਨਾਲ ਦਿਲ ਦੀਆਂ ਗੱਲਾਂ ਕਰ ਲੈਂਦਾ ਜੋ ਭਾਵੇਂ ਉਮਰ ਵਿੱਚ ਛੋਟਾ ਪਰ ਗਰੀਬੀ ਤੇ ਜਿੰਮੇਵਾਰੀ ਨੇ ਸਿਆਣਾ ਬਣਾ ਦਿੱਤਾ । ਇਹ ਮਸਲਾ ਬਾਰੇ ਵੀ ਸੀਰੀ ਨੇ ਖੇਤ ਜਾਂਦੇ ਵੇਲੇ ਵਾਰਤਾਲਾਪ ਸੁਰੂ ਕਰਨੀ ਚਾਹੀ, ਪਰ ਭਗਵਾਨ ਸਿਹਾਂ ਨੇ ਅਣਗੌਲਿਆ ਕਰ ਦਿੱਤਾ । ਕਿਉਂਕਿ ਹੁਣ ਤੱਕ ਘਰੇ ਇਸ ਬਾਬਤ ਕੋਈ ਗੱਲ ਨਹੀ ਸੀ ਚੱਲੀ । ਖਾਦ ਦੀ ਟਰਾਲੀ ਖਾਲੀ ਕਰਦੇ ਸੀਰੀ ਨੂੰ ਵੱਡੇ ਸਰਦਾਰ ਨੂੰ ਬੁਲਾਉਣ ਲਈ ਕਿਹਾ ਤਾਂ ਜੋ ਜਮੀਨ ਦੀ ਤਕਸੀਮ ਨੂੰ ਸੁਲਝਾਇਆ ਜਾ ਸਕੇ । ਰੱਬ ਦੇ ਭਾਣੇ ਮੰਨਣ ਵਾਲਾ ਭਗਵਾਨ ਸਿਆ ਪਿਤਾ ਦੇ ਬੋਲਾ ਨੂੰ ਹੁਕਮ ਮੰਨਦਿਆ ਉੱਠ ਕੇ ਚਲਾ ਗਿਆ ਤੇ ਖਾਦ ਦੀਆਂ ਬੋਰੀਆਂ ਗਿਣਨ ਲੱਗਾ । ਸੀਰੀ ਵਿੱਚੋਂ ਟੋਕਦਿਆਂ ਕਿਹਾ ਸਰਦਾਰ ਜੀ ਪੂਰੀਆਂ ਹਨ ਤੁਸੀਂ ਆਪਣਾ ਹਿੱਸਾ ਪੂਰਾ ਕਰਵਾ ਲੈਣਾ ਅੱਜ ਪਹਿਲੀ ਵਾਰ ਪਰਿਵਾਰ ਦੀ ਗੱਲ ਦੂਜੇ ਦੇ ਮੂੰਹੋਂ ਸੁਣ ਭਗਵਾਨ ਸਿਆ ਨੂੰ ਨੀਵਾ ਮਹਿਸੂਸ ਹੋਇਆ ਜਦੋਂ ਕਿ ਉਸ ਨੂੰ ਜਮੀਨ ਦੀ ਵੰਡ ਦਾ ਕੋਈ ਮਲਾਲ ਨਹੀਂ ਸੀ ।

ਪੜ੍ਹੇ ਲਿਖੇ ਹੋਣ ਦੇ ਨਾਤੇ ਛੋਟਾ ਭਰਾ ਘਰ ਤੇ ਬਾਹਰਲੇ ਕੰਮਾਂ ਨੂੰ ਸੰਭਾਲਦਾ। ਭਗਵਾਨ ਸਿਆ ਨੂੰ ਖੇਤੀ ਵਿੱਚ ਚੰਗੀ ਮੁਹਾਰਤ ਸੀ ਫਿਰ ਵੀ ਘਰਵਾਲੀ ਨੂੰ ਵੰਡ ਵੰਡਾਈ ਦੀ ਚਿੰਤਾ ਸਤਾਉਣ ਲੱਗੀ ਕਿਉਂਕਿ ਪਿਤਾ ਦਾ ਝੁਕਾਅ ਛੋਟੇ ਭਰਾ ਵੱਲ ਜਿਆਦਾ ਸੀ ਤੇ ਉਹਨਾ ਹੁੰਦਿਆ ਜਮੀਨ ਦੇ ਦੋ ਨਹੀ ਤਿੰਨ ਹਿੱਸੇ ਹੋਣੇ ਸਨ । ਅੱਜ ਭਗਵਾਨ ਸਿਆਂ ਮਾਂ ਨੂੰ ਯਾਦ ਕਰਦਿਆਂ ਦਿਨ ਢਲੇ ਟਾਹਲੀ ਵਾਲੇ ਖੇਤ ਵਿੱਚ ਚਲਾ ਗਿਆ ਜਿੱਥੇ ਮਾਂ ਦੇ ਬਰਾਬਰ ਵੰਡ ਦੇ ਬੋਲ ਪੱਤਿਆ ਦੀ ਗੂੰਜ ਵਿੱਚ ਟੁਣਕਦੇ ਕੰਨੀ ਪੈ ਰਹੇ ਸਨ ਕਿ ਤੇਰਾ ਪਿਓ ਜੋ ਮਰਜੀ ਕਰ ਲਵੇ ਮੈ ਜਮੀਨ ਹੀ ਨਹੀ ਖੇਤੀ ਦੇ ਸੰਦ ਅਤੇ ਘਰ ਦਾ ਸਮਾਨ ਵੀ ਬਰਾਬਰ ਹਿੱਸੇ ਵਿੱਚ ਵੰਡਣੇ ਏ

ਭਗਵਾਨ ਸਿਹਾਂ ਨੂੰ ਟਿੱਬਿਆਂ ਵਾਲੇ ਟੱਕ ਵਿੱਚੋਂ ਜਿਆਦਾ ਹਿੱਸਾ ਦੇ ਕੇ ਬਰਾਬਰ ਕਰਨ ਦੀ ਕੋਸਿਸ ਕੀਤੀ । ਜਦੋਂ ਕਿ ਛੋਟੇ ਸਰਦਾਰ ਨੂੰ ਜਰਨੈਲੀ ਸੜਕ ਦੇ ਨਾਲ ਲੱਗਦਾ ਨੀਵਾਂ ਟੱਕ ਤੇ ਪਿਤਾ ਨੇ ਆਪਣਾ ਹਿੱਸਾ ਵੀ ਦੇ ਦਿੱਤਾ । ਭਾਵੇ ਹਿੱਸਾ ਘੱਟ ਸੀ ਪਰ ਉਸਦੀ ਅਸਮਾਨ ਛੂਹਦੀ ਕੀਮਤ ਨੇ ਸਭ ਘਾਟੇ ਪੂਰੇ ਕਰ ਦੇਣੇ ਸਨ । ਕੁਝ ਦਿਨਾਂ ਬਾਅਦ ਹੀ ਲਾਣੇਦਰ ਭਗਵਾਨ ਸਿਆਂ ਦੇ ਕੋਲ ਬੈਠਾ ਉਸ ਦੀ ਮਿਹਨਤ ਤੇ ਲਿਆਕਤ ਦੇ ਗੁਣਗਾਨ ਕਰ ਰਿਹਾ ਸੀ । ਚਾਹ ਦਾ ਗਿਲਾਸ ਫੜੀ ਸੁਹਾਗੇ ਉਪਰ ਬੈਠਾ ਸੀਰੀ ਲਾਣੇਦਾਰ ਨੂੰ ਟੋਕਦਿਆਂ ਬੋਲਿਆ ਸਰਦਾਰ ਜੀ ਸਿੱਧੀਆ ਨੀਤੀ ਨੂੰ ਹੀ ਫਲ ਲੱਗਦਾ ਦੇਖਣਾ ਮੈਂ ਤੇ ਸਰਦਾਰ ਜੀ ਨੇ ਉਸ ਟਿੱਬਿਆਂ ਵਿੱਚ ਬਰਸੀਮ ਉਗਣ ਲਾ ਦੇਣਾ ਹੈ

ਸਵਖਤੇ ਹੀ ਸੀਰੀ ਤੇ ਭਗਵਾਨ ਸਿਹਾ ਤਕਸੀਮ ਮਗਰੋ ਮਿਲੇ ਖੇਤਾ ਲਈ ਫਸਲਾਂ ਦੀ ਵਿਉਂਤਬੰਦੀ ਕਰਨ ਚਲੇ ਗਏ। ਅੱਜ ਟਿੱਬਿਆਂ ਵਾਲੇ ਟੱਕ ਲਈ ਵੀ ਚਿੰਤਾ ਦਿਖਾਈ ਦਿੱਤੀ ਜਿਸ ਵੱਲ ਪਹਿਲਾਂ ਖਾਸ ਧਿਆਨ ਨਹੀਂ ਦਿੰਦੇ ਸਨ । ਕੁਝ ਦਿਨ ਪਹਿਲਾ ਹੀ ਯੂਨੀਵਰਸਿਟੀ ਵਲੋਂ ਮੂੰਗਫਲੀ ਦੀ ਖੋਜ ਲਈ ਰੇਤਲੀ ਜਮੀਨ ਦੀ ਮੰਗ ਕੀਤੀ ਗਈ ਸੀ । ਦੁਪਿਹਰ ਦਾ ਲੰਗਰ ਪਾਣੀ ਛਕਣ ਦੇ ਮਗਰੋਂ ਸੀਰੀ ਨੇ ਭਗਵਾਨ ਸਿਹਾਂ ਨੂੰ ਡੂੰਘੀਆਂ ਸੋਚਾਂ ਵਿੱਚ ਪਿਆ ਦੇਖ, ਗੱਲ ਬੁੱਝਣ ਦੀ ਕੋਸ਼ਿਸ਼ ਕੀਤੀ ਤਾਂ ਅੱਗਿਓ ਭਗਵਾਨ ਸਿਹਾਂ ਨੇ ਜਵਾਬ ਦਿੱਤਾ ਨਹੀਂ ਚਰਨਿਆ ਮੇਹਨਤੀ ਹੱਥਾਂ ਨੂੰ ਕੰਮ ਦੀ ਲੋੜ ਹੁੰਦੀ ਹੈ ਫਿਰ ਚਾਹੇ ਜ਼ਮੀਨ ਜਰਖੇਜ਼ ਜ਼ਮੀਨ ਹੋਵੇ ਚਾਹੇ ਰੇਤਲੀ , ਨਾਲੇ ਮੈਂ ਤਾਂ ਰੱਬ ਦਾ ਸੀਰੀ ਹਾ ਜਿਥੇ ਮਰਜੀ ਲਾ ਦੇਵੇ , ਆਪਾਂ ਸੱਚੀ ਮਸੱਕਤ ਕਰਨੀ ਹੈ ਫਲ ਤਾਂ ਉਸਨੇ ਦੇ ਹੀ ਦੇਣਾ ਹੈ

ਪਹਿਲੀ ਵਾਰ ਸੀਰੀ ਨੇ ਸਰਦਾਰ ਦੇ ਮੂੰਹੋਂ ਆਪਣਾ ਨਾਮ ਸੁਣ ਤੇ ਕੰਮ ਪ੍ਰਤੀ ਲਗਨ ਦੀ ਸੁਥਰੀ ਸੋਚ ਸਲਾਮ ਕਰਦਿਆ ਟਿੱਬਿਆਂ ਵਾਲੇ ਖੇਤ ਦਾ ਖਾਲ ਸਵਾਰਨ ਚਲਾ ਗਿਆ ਜਿਹੜੇ ਮੂੰਗਫਲੀ ਦੀ ਬਜਾਈ ਲਈ ਤਿਆਰ ਕਰਨੇ ਸਨ। ਆਥਣ ਵੇ ਲੇ ਖਬਰ ਹੀ ਮਿਲੀ ਕਿ ਖੇਤੀਬਾੜੀ ਯੂਨੀਵਰਸਿਟੀ ਨੇ ਮੂੰਗਫਲੀ ਦੀ ਨਵੀਂ ਖੋਜ ਲਈ ਭਗਵਾਨ ਸਿਹਾਂ ਦੇ ਖੇਤਾ ਨੂੰ 10 ਸਾਲਾਂ ਲਈ ਠੇਕੇ ਦਾ ਇਕਰਾਰ ਕਰ ਲਿਆ । ਜਿਸ ਨਾਲ ਚੰਗਾ ਪੈਸਾ ਮਿਲਿਆ ਹੀ ਨਾਮ ਵੀ ਖੂਬ ਚਰਚਾ ਵਿੱਚ ਆਇਆ। ਹੁਣ ਉਥੇ ਵਿਦੇਸ਼ਾ ਤੋ ਖੇਤਾਬਾੜੀ ਵਿਗਿਆਨੀ ਵੀ ਨਰੀਖਣ ਲਈ ਆਵਣਗੇ। ਪੂਰਾ ਪਰਿਵਾਰ ਮੇਹਨਤ ਤੇ ਸਬਰ ਦੇ ਸੀਰ ਲਈ ਪ੍ਰਮਾਤਮਾ ਦਾ ਮੁਕਰਾਨਾ ਕਰਨ ਗੁਰਦੁਵਾਰੇ ਚਲੇ ਗਏ ।

ਪੈਨਸ਼ਨ ਦਾ ਲਾਲਚ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ 7589155501

ਪਿੱਛਲੇ ਦਿਨੀ ਮੈ ਸੈਨਿਕ ਭਲਾਈ ਦਫਤਰ ਵਿੱਚ ਆਪਣੇ ਕੁੱਝ ਡਾਕੂਮੈਂਟਾਂ ਸਬੰਧੀ ਗਿਆ ।ਜਿੱਥੇ ਮੁਲਾਜ਼ਮ ਲੋਕਾਂ ਦਾ ਕੰਮ ਘੱਟ ਕਰਦੇ ਤੇ ਜੇਬਾਂ ਵੱਲ ਜ਼ਿਆਦਾ ਵੇਖਦੇ ਨੇ । ਉਹਨਾਂ ਨੂੰ ਇੰਝ ਜਾਪਦਾ ਹੈ ਕਿ ਅਗਰ ਅਸੀਂ ਨਾ ਹੋਈਏ ਤਾਂ ਇਹਨਾਂ ਫੌਜ਼ੀਆਂ ਨੂੰ ਪੈਨਸ਼ਨ ਹੀ ਨਾ ਮਿਲੇ ।ਖੈਰ ਮੈ ਗੱਲ ਸਟਾਫ ਦੀ ਨਹੀਂ ਕਰਨ ਲੱਗਾ ।ਗੱਲ ਇੱਕ ਇਹੋ ਜਿਹੇ ਇਨਸਾਨ ਕਰਨ ਜਾ ਰਿਹਾ ਹਾਂ ।ਜਿਸ ਦੀ ਕਰਤੂਤ ਸੁਣ ਕੇ ਤੁਸੀਂ ਵੀ ਪਾਣੀ ਪਾਣੀ ਹੋ ਜਾਵੋਗੇ ।ਸ਼ਰਮ ਨਾਲ ਸਿਰ ਝੁੱਕ ਜਾਵੇਗਾ ਕਿ ਸਾਡੇ ਸਮਾਜ਼ ਵਿੱਚ ਇਹੋ ਜਿਹੇ ਲੋਕ ਵੀ ਬੈਠੇ ਹਨ ।ਜਿਹਨਾਂ ਨੇ ਪੈਸੇ ਨੂੰ ਹੀ ਮੁਖ ਰੱਖਿਆ ਹੋਇਆ ਹੈ ।ਇੱਜਤ ਨਾਂ ਦਾ ਸ਼ਬਦ ਉਹਨਾਂ ਦੇ ਸ਼ਬਦ ਕੋਸ਼ ਵਿੱਚ ਨਹੀਂ ਹੈ ।ਇਹ ਗੱਲ ਬਿਲਕੁਲ ਹਕੀਕਤ ਹੈ ।ਪਰ ਮੈ ਉਸ ਦਾ ਅਸਲੀ ਨਾਂ ਤੇ ਪਤਾ ਨਹੀਂ ਲਿੱਖ ਸਕਦਾ । ਕਿਉਂਕਿ ਉਸ ਕੈਪਟਨ ਨੇ ਜਿਹੜੀ ਕਰਤੂਤ ਕੀਤੀ ਸੀ ਉਹ ਜਨਤਕ ਨਹੀਂ ਹੋਈ ।ਅਗਰ ਜਨਤਕ ਹੋ ਜਾਂਦੀ ਤੇ ਸ਼ਾਇਦ ਉਹ ਕੈਪਟਨ ਆਤਮਹੱਤਿਆ ਕਰ ਲੈਂਦਾ ।ਇਹ ਗੱਲ ਦਾ ਮੈਨੂੰ ਉਸ ਸਮੇ ਪਤਾ ਲੱਗਾ ।ਜਦੋਂ ਉਹੀ ਕੈਪਟਨ ਆਪਣੀ ਕਰਤੂਤ ਤੇ ਪਰਦਾ ਪੁਆਉਣ ਵਾਸਤੇ ਮਿਨਤਾਂ ਕਰ ਰਿਹਾ ਸੀ ।ਪਰ ਸੈਨਿਕ ਭਲਾਈ ਵਾਲੇ ਮੁਲਾਜ਼ਮ ਉਸ ਨੂੰ ਮੁਆਫ਼ ਨਹੀਂ ਕਰ ਰਹੇ ਸਨ ।ਜਦੋਂ ਤਕ ਮੈਨੂੰ ਉਸ ਦੀ ਅਸਲੀ ਗੱਲ ਦਾ ਪਤਾ ਨਹੀਂ ਸੀ ਲੱਗਾ ।ਉਸ ਸਮੇ ਤਕ ਮੈ ਉਸ ਦੀ ਹਾਲਤ ਵੇਖ ਕੇ ਤਰਸ ਖਾ ਰਿਹਾ ਸੀ ।ਕਿ ਅਸੀਂ ਸਾਰੀ ਜਵਾਨੀ ਦੇਸ਼ ਦੇ ਲੇਖੇ ਲਾ ਕੇ ਆ ਜਾਂਦੇ ਹਾਂ ।ਜਦੋਂ ਬੁਢਾਪਾ ਆ ਜਾਂਦਾ ਹੈ ਫਿਰ ਪੈਨਸ਼ਨ ਵਾਸਤੇ ਦਫਤਰਾਂ ਵਾਲਿਆਂ ਦੀਆਂ ਮਿਨਤਾਂ ਕਰਨੀਆਂ ਪੈਂਦੀਆਂ ਹਨ ।ਇਹ ਸਾਡੇ ਨਾਲ ਇੰਨਸਾਫ ਨਹੀਂ ਹੁੰਦਾ ।ਪਰ ਸੀਨੀਅਰ ਕਲਰਕ ਨੇ ਉਸ ਨੂੰ ਕਹਿ ਦਿੱਤਾ ਅੱਜ ਸਮਾਂ ਨਹੀਂ ।ਫਿਰ ਕਿਸੇ ਦਿਨ ਆ ਜਾਵੀਂ ਤੇਰਾ ਮਸਲਾ ਹੱਲ ਕਰਕੇ ਵੇਖਾਂਗੇ । ਜਦੋਂ ਉਹ ਜੀ ਕਹਿ ਕੇ ਬਾਹਰ ਨੂੰ ਚਲਾ ਗਿਆ ।ਮੈ ਉਸ ਕਲਰਕ ਨੂੰ ਪੁੱਛ ਹੀ ਲਿਆ ਕੇ ਤੁਸੀਂ ਇੱਕ ਸੀਨੀਅਰ ਸਿਟੀਜ਼ਨ ਬਜ਼ੁਰਗ ਦੀ ਗੱਲ ਕਿਉਂ ਨਹੀਂ ਸੁਣੀ ।ਫੌਜ਼ ਨੇ ਉਸ ਨੂੰ ਆਨਰਰੀ ਕੈਪਟਨ ਦਾ ਅਹੁਦਾ ਨਿਵਾਜ਼ ਕੇ ਭੇਜਿਆ ਹੈ ।ਉਸ ਦੀ ਹੁਣ ਹਾਲਤ ਤਾਂ ਵੇਖੋ ਕੀ ਹੋਈ ਪਈ ਹੈ ।ਤੁਹਾਨੂੰ ਕਿਸੇ ਵੀ ਬਜ਼ੁਰਗ ਤੇ ਤਰਸ ਕਿਉਂ ਨਹੀਂ ਆਉਂਦਾ ।ਕੁਰਸੀ ਮਿਲ ਜਾਣ ਨਾਲ ਬੰਦਾ ਰੱਬ ਨਹੀਂ ਬਣ ਜਾਂਦਾ ।ਇਹ ਕੁਰਸੀ ਤਾਂ ਚਾਰ ਦਿਨਾਂ ਦੀ ਪ੍ਰਹਾਉਣੀ ਹੁੰਦੀ ਹੈ ।ਅੱਜ ਤੁਹਾਡੇ ਥੱਲੇ ਤੇ ਕੱਲ ਨੂੰ ਕਿਸੇ ਹੋਰ ਦੇ ਥੱਲੇ ਵੀ ਜਾ ਸਕਦੀ ਹੈ ।ਉਹ ਮੇਰੀਆਂ ਗੱਲਾਂ ਸੁਣ ਕੇ ਖਪੇ ਹੋ ਗਿਆ ਤੇ ਕਹਿੰਦਾ ਸੂਬੇਦਾਰ ਸਾਬ੍ਹ ਜੀ ਤੁਹਾਨੂੰ ਇਸ ਦੀ ਕਰਤੂਤ ਦਾ ਪਤਾ ਨਹੀਂ ।ਅਗਰ ਪਤਾ ਲੱਗ ਗਿਆ ਤਾਂ ਤੁਹਾਡੇ ਪੈਰਾਂ ਥੱਲਿਉ ਮਿੱਟੀ ਨਿੱਕਲ ਜਾਵੇਂਗੀ ।ਮੈ ਕਿਹਾ ਉਹ ਇਹੋ ਜਿਹੀ ਕਿਹੜੀ ਗੱਲ ਹੈ ।ਮੈਨੂੰ ਉਹ ਵਿਸਥਾਰ ਨਾਲ ਉਸ ਦੀ ਹੱਡ ਬੀਤੀ ਸੁਣਾਉਣ ਲੱਗ ਪਿਆ ।ਇਹ ਜੋ ਕੈਪਟਨ ਸਾਬ ਹੈ ਨਾ ,ਅੱਜ ਤੋਂ ਪੰਜ ਕੁ ਸਾਲ ਪਹਿਲਾਂ ਇਸ ਦੀ ਘਰ ਵਾਲੀ ਅਕਾਲ ਚਲਾਣਾ ਕਰ ਸੀ ।ਇਸ ਦਾ ਇੱਕੋ ਇੱਕ ਮੁੰਡਾ ਹੈ ਉਹ ਕੋਈ ਨੌਕਰੀ ਤਾਂ ਨਹੀਂ ਕਰਦਾ ਪਰ ਹੁਸ਼ਿਆਰ ਬਹੁਤ ਹੈ ।ਉਸ ਦੀ ਸ਼ਾਦੀ ਨੂੰ 10-15 ਸਾਲ ਹੋ ਗਏ ਹਨ ।ਪਰ ਅਜੇ ਤੱਕ ਕੋਈ ਬੱਚਾ ਕੋਈ ਨਹੀਂ ਹੋਇਆ ਜਾਂ ਫਿਰ ਲਿਆ ਨਹੀਂ ।ਨੂੰਹ ਰਾਣੀ ਵੀ ਪੜ੍ਹੀ ਲਿੱਖੀ ਤੇ ਤੇਜ਼ ਤਰਾਟ ਹੈ ।ਇਹਨਾਂ ਨੇ ਘਰ ਬੈਠ ਕੇ ਇੱਕ ਵਿਉਂਤ ਬਣਾਈ । ਕਿ ਕਿਉਂ ਨਾ ਇੰਝ ਕਰੀਏ ਕਿ ਮੇਰੇ ਮਰ ਜਾਣ ਤੋਂ ਬਾਦ ਵੀ ਤੁਹਾਨੂੰ ਪੈਨਸ਼ਨ ਮਿਲਦੀ ਰਹੇ ।ਕੈਪਟਨ ਨੇ ਪਹਿਲਾਂ ਮੁੰਡੇ ਤੇ ਨੂੰਹ ਰਾਣੀ ਦਾ ਤਲਾਕ ਕਾਗਜ਼ਾਂ ਵਿੱਚ ਕਰਵਾ ਲਿਆ ।ਫਿਰ ਥੋੜ੍ਹੇ ਚਿਰ ਬਾਦ ਆਪਣਾ ਵਿਆਹ ਕਾਗਜ਼ਾਂ ਵਿੱਚ ਉਸ ਨੂੰਹ ਰਾਣੀ ਨਾਲ ਕਰ ਲਿਆ ।ਪਹਿਲੀ ਘਰ ਵਾਲੀ ਦਾ ਮੌਤ ਦਾ ਸਰਟੀਫਿਕੇਟ ਤਾਂ ਜਲਦੀ ਜਮਾਂ ਕਰਵਾ ਦਿੱਤਾ ।ਫਿਰ ਇਹ ਤਿੰਨੇ ਜਣੇ ਵਿਆਹ ਦਾ ਸਰਟੀਫਿਕੇਟ ਲੈ ਕੇ ਇੱਥੇ ਦਫਤਰ ਆ ਗਏ ।ਮੁੰਡਾ ਤਾਂ ਬਾਹਰ ਗੱਡੀ ਵਿੱਚ ਬੈਠਾ ਰਿਹਾ । ਦੋਵੇ ਨੂੰਹ ਸੌਹਰਾ ਦੋਵਾਂ ਜੀਆਂ ਦਾ ਡਰਾਮਾ ਕਰਦੇ ਹੋਏ ਸਾਹਮਣੇ ਕੁਰਸੀ ਤੇ ਬੈਠ ਗਏ ।ਅਸੀਂ ਕਦੇ ਕੈਪਟਨ ਵੱਲ ਵੇਖੀਏ ਤੇ ਕਦੇ ਉਸ ਬੀਬੀ ਵੱਲ ।ਅਕਸਰ ਉਮਰ ਦਾ ਵੀ ਬਹੁਤ ਸਾਰਾ ਫਰਕ ਸੀ ।ਪਰ ਅਸੀਂ ਉਹਨਾਂ ਦੇ ਪਰਸਨਲ ਮਾਮਲੇ ਵਿੱਚ ਕੁਝ ਨਹੀਂ ਬੋਲ ਸਕਦੇ ਸੀ ।ਪਰ ਗੱਲ ਸਾਡੇ ਹਜ਼ਮ ਨਹੀਂ ਹੋ ਰਹੀ ਸੀ ।.ਇਸ ਬੁੱਢੇ ਕੈਪਟਨ ਦੀਆਂ ਲੱਤਾਂ ਕਬਰਾਂ ਵੱਲ ਜਾ ਰਹੀਆਂ ਹਨ ਤੇ ਵਿਆਹ ਭਲਾ ਇਸ ਨੇ ਕਿਵੇਂ ਕਰਵਾ ਲਿਆ ਏ ।ਕੈਪਟਨ ਸਾਡੇ ਸ਼ਕ ਦੇ ਘੇਰੇ ਵਿੱਚ ਆ ਗਿਆ ।ਅਸੀਂ ਉਸ ਦਾ ਵਿਆਹ ਵਾਲਾ ਸਰਟੀਫਿਕੇਟ ਰੱਖ ਲਿਆ ।ਉਸ ਨੂੰ ਹਫਤੇ ਬਾਹਦ ਆਉਣ ਲਈ ਕਿਹਾ ।ਸਾਡੇ ਕੋਲ ਹਰ ਇੱਕ ਫੌਜ਼ੀ ਦੇ ਨੰਬਰ ਹੁੰਦੇ ਹਨ ।ਅਸੀਂ ਉਸ ਦੇ ਪਿੰਡ ਦੇ ਇੱਕ ਗੁਆਂਢੀ ਨੂੰ ਫੋਨ ਲਾਇਆ ।ਉਸ ਤੋਂ ਗੱਲੀਬਾਤੀ ਇਸ ਕੈਪਟਨ ਦੀ ਇੰਨਕੁਆਰੀ ਕਰ ਲਈ ।ਸਾਨੂੰ ਪਤਾ ਲਗ ਗਿਆ ਕਿ ਵਿਆਹ ਫਰਜ਼ੀ ਹੈ ।ਅਗਲੇ ਹਫ਼ਤੇ ਉਹ ਫਿਰ ਆ ਗਿਆ ।ਅਸੀਂ ਉਸ ਨੂੰ ਜ਼ਾਹਿਰ ਨਹੀਂ ਹੋਣ ਦਿੱਤਾ ਕਿ ਤੇਰੇ ਵਿਆਹ ਦਾ ਸੱਚ ਕੱਚ ਪਤਾ ਕਰ ਲਿਆ ਹੈ ।ਉਹ ਆ ਕੇ ਬੈਠ ਗਏ ਮੈ ਉਸ ਨੂੰ ਕਿਹਾ ਸਾਬ ਜੀ ਵਿਆਹ ਵਾਲੀਆਂ ਫੋਟੋ ਤੇ ਆਨੰਦ ਕਾਰਜ਼ ਵਾਲਾ ਸਰਟੀਫਿਕੇਟ ਲਿਆਉ ।ਅਗੋ ਉਹ ਕਹਿਣ ਲੱਗਾ ਕਿ ਸਾਰੀਆਂ ਫਾਰਮਿਲਟੀਆਂ ਪੂਰੀਆਂ ਹੋਣ ਤੋਂ ਬਾਹਦ ਹੀ ਇਹ ਵਿਆਹ ਦਾ ਮੈਰਿਜ਼ ਸਰਟੀਫਿਕੇਟ ਬਣਦਾ ਹੈ ।ਜੋ ਮੈਂ ਤੁਹਾਨੂੰ ਲਿਆ ਕੇ ਦੇ ਦਿੱਤਾ ਹੈ ।ਤੁਸੀਂ ਆਪਣੀ ਕਾਗਜ਼ੀ ਕਾਰਵਾਈ ਪੂਰੀ ਕਰੋ ਤਾਂ ਕਿ ਮੇਰੇ ਖ਼ਤਮ ਹੋਣ ਤੋਂ ਬਾਹਦ ਮੇਰੀ ਘਰ ਵਾਲੀ ਨੂੰ ਪੈਨਸ਼ਨ ਮਿਲਦੀ ਰਹੇ ।ਮੈਥੋਂ ਰਿਹਾ ਨਾ ਗਿਆ ਮੈਂ ਬੀਬੀ ਜੀ ਨੂੰ ਕਿਹਾ ਕਿ ਤੁਸੀਂ ਬਾਹਰ ਗੱਡੀ ਵਿੱਚ ਚਲੇ ਜਾਉ ।ਬੀਬੀ ਬਾਹਰ ਚਲੀ ਗਈ ਤੇ ਮੈ ਉਸ ਨੂੰ ਪੁੱਛਿਆ ਕਿ ਤੁਸੀਂ ਸੱਚੀ ਵਿਆਹ ਕਰਵਾਇਆ ਹੈ ।ਉਸ ਦੀ ਜ਼ਬਾਨ ਥਥਲਾਉਣ ਲੱਗ ਪਈ ।ਮੂੰਹ ਤੇ ਪਸੀਨਾ ਆ ਗਿਆ ਹੈ ।ਸੱਚ ਉਸ ਦੇ ਚਿਹਰੇ ਤੇ ਝਲਕਣ ਲਗ ਪਿਆ ।ਪਰ ਮੁਹੋਂ ਕੁੱਝ ਨਾ ਬੋਲ ਸੱਕਿਆ ।ਅਗਰ ਅਸੀਂ ਉਸ ਦੀ ਸਚਾਈ ਦਾ ਪਤਾ ਨਾ ਕਰਦੇ ਤਾਂ ਚਾਰ ਸੌ ਵੀਹ ਦੇ ਕੇਸ ਵਿੱਚ ਅਸੀਂ ਫਸ ਜਾਣਾ ਸੀ ।ਹੁਣ ਅਸੀਂ ਇਸ ਨੂੰ ਚਾਰ ਸੌ ਵੀਹ ਦੇ ਕੇਸ ਵਿੱਚ ਫਸਾ ਲਿਆ ਹੈ ।ਜਿਸ ਕਰਕੇ ਇਹ ਸਾਡੀਆਂ ਮਿਨਤਾਂ ਕਰਦਾ ਫ

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

American Punjabi Society
&
Women's Council American Punjabi Society

Cancer Awareness Walk 2026

SUNDAY | OCT 11th | 9AM-12PM

Eisenhower Park Field 1

1899 hempstead Tpke, East Meadow NY 11554
Near (Northwell Health Ice Center)

In Collaboration with

Rajasthan Association of North America

American Association of Physicians of Indian Origin – Queens and Long Island

NEW YORK CANCER & BLOOD SPECIALISTS
Conquering Cancer Together™

NAIO
AMERICANS OF INDIAN ORIGIN

New York Telangana Telugu Association

India Association of Long Island

Vaisakhi 5k Run

American Malayalee Law Enforcement United

Light Refreshments Will Be Served
Join Us & Make a Difference!

Indo American Chamber of Commerce NY

PEARL

MINT

Long Island Indo American Lions Club

Scan QR CODE
For More information or pre-register
Please contact: Gary S. Sikka
President, APS 917-208-4027
Info@americanpunjabisociety

Tax Exempt 501 (c) (3) Not for Profit Organization Incorporated Under NY State Chapter

ਗੁਜ਼ਰਾਂ ਦੀ ਕੁੜੀ



ਬਹੁਤ ਹੀ ਸ਼ਰਾਰਤੀ ਤੇ ਹੱਸਮੁੱਖ ਸੁਭਾਅ ਸੀ ਹਰਮਨ ਦਾ, ਪਰ ਹੁਣ ਉਹ ਬਿਲਕੁਲ ਖ਼ਾਮੋਸ਼ ਰਹਿੰਦਾ ਹੈ। ਹਰਮਨ ਪਿੰਡ ਦੇ ਲੰਬੜਦਾਰਾਂ ਦਾ ਇਕਲੌਤਾ ਲਾਡਲਾ ਮੁੰਡਾ ਸੀ ਤੇ ਉਹ ਚੰਡੀਗੜ੍ਹ ਪੜ੍ਹਨ ਕਰ ਕੇ ਉੱਥੇ ਹੋਸਟਲ ਵਿੱਚ ਹੀ ਰਹਿੰਦਾ ਸੀ। ਹਫ਼ਤੇ ਦੋ ਹਫ਼ਤੇ ਪਿੱਛੋਂ ਉਹ ਪਿੰਡ ਆ ਜਾਂਦਾ ਸੀ ਤੇ ਸੋਮਵਾਰ ਨੂੰ ਸਵੇਰੇ-ਸਵੇਰੇ ਹੀ ਚੰਡੀਗੜ੍ਹ ਆਪਣੇ ਕਾਲਜ ਚਲਿਆ ਜਾਂਦਾ ਸੀ ।ਚੰਡੀਗੜ੍ਹ ਪੜ੍ਹਨ ਦੇ ਬਾਵਜੂਦ ਉਸ ਨੂੰ ਆਪਣੇ ਪਿੰਡ ਨਾਲ਼ ਬਹੁਤ ਮੋਹ ਸੀ, ਬੇਸ਼ੱਕ ਉਸ ਦੇ ਜ਼ਿਆਦਾ ਦੋਸਤ ਵੀ ਚੰਡੀਗੜ੍ਹ ਦੇ ਹੀ ਸਨ। ਐਤਵਾਰ ਵਾਲੇ ਦਿਨ ਪਿੰਡ ਹੁੰਦਿਆਂ ਉਹ ਘਰ ਦੇ ਨਿੱਕੇ ਮੋਟੇ ਕੰਮ ਕਰਦਾ ਰਹਿੰਦਾ ਤੇ ਵਿਹਲੇ ਸਮੇਂ ਆਪਣੇ ਖੇਤਾਂ ਵਿੱਚ ਜਾ ਕੇ ਲਹਿਰਾਉਂਦੀਆਂ ਫ਼ਸਲਾਂ ਨਾਲ਼ ਕਿੰਨਾ-ਕਿੰਨਾ ਚਿਰ ਗੱਲਾਂ ਕਰਦਾ ਰਹਿੰਦਾ ।ਪਿੰਡ ਪਹੁੰਚ ਕੇ ਰੋਟੀ-ਪਾਣੀ ਖਾਂਦਿਆਂ ਸਾਰ ਹੀ ਉਹ ਮੋਟਰ ਵੱਲ ਨੂੰ ਭੱਜ ਜਾਂਦਾ ।ਉਹਦੀ ਬੇਬੇ ਹਾਕਾਂ ਮਾਰਦੀ ਹੀ ਰਹਿ ਜਾਂਦੀ ਪਰ ਉਹ "ਬੱਸ ਹੁਣੇ ਆਇਆ" ਕਹਿ ਕੇ ਹਨੇਰਾ ਹੋਣ ’ਤੇ ਹੀ ਘਰ ਮੁੜਦਾ।

ਹਰਮਨ ਦੇ ਲੰਮ-ਸਲੰਮਾ ਮੁੱਛ-ਫੁੱਟ ਗੱਭਰੂ ਤੇ ਖਾਂਦੇ-ਪੀਂਦੇ ਘਰ ਦਾ ਹੋਣ ਕਰ ਕੇ ਸੁਭਾਵਿਕ ਹੀ ਸੀ ਕਿ ਚੰਡੀਗੜ੍ਹ ਉਹਦੇ ਨਾਲ਼ ਪੜ੍ਹਦੀਆਂ ਕਈ ਕੁੜੀਆਂ ਉਸ ਉੱਤੇ ਡੋਰੇ ਪਾਉਂਦੀਆਂ ਰਹਿੰਦੀਆਂ ਪਰ ਹਰਮਨ ਇਹਨਾਂ ਸਭਨਾਂ ਤੋਂ ਸਦਾ ਇੱਕ ਫ਼ਾਸਲਾ ਬਣਾ ਕੇ ਰੱਖਦਾ ।ਚੰਡੀਗੜ੍ਹ ਦੇ ਲੋਕਾਂ ਨੂੰ ਉਹ ਥਾਂ-ਥਾਂ ਦੀ ਢੇਰੀ ਤੇ ਪੱਥਰਾਂ ਦੇ ਸ਼ਹਿਰ ਦੇ ਵਾਸੀ ਸਮਝਦਾ ਸੀ ।ਉੱਥੇ ਵਿਹਲੇ ਸਮੇਂ ਉਹ ਆਪਣੇ ਯਾਰਾਂ-ਦੋਸਤਾਂ ਨਾਲ਼ ਘੁੰਮਣ ਨੂੰ ਹੀ ਤਰਜੀਹ ਦਿੰਦਾ ਜਿਨ੍ਹਾਂ ਵਿੱਚੋਂ ਬੰਟੀ ਉਹਦਾ ਪੱਕਾ ਯਾਰ ਸੀ ।ਬੰਟੀ ਜਲੰਧਰ ਨੇੜਲੇ ਕਿਸੇ ਪਿੰਡ ਦਾ ਸੀ ।ਉਹ ਆਪਣੇ ਪਿੰਡ ਮਹੀਨੇ-ਦੋ ਮਹੀਨੇ ਬਾਅਦ ਹੀ ਗੇੜਾ ਮਾਰਦਾ ਸੀ ।ਬੰਟੀ ਦਾ ਪਿੰਡ ਦੂਰ ਹੋਣ ਕਈ ਬਾਰ ਹਰਮਨ ਬੰਟੀ ਨੂੰ ਵੀ ਆਪਣੇ ਨਾਲ਼ ਹੀ ਆਪਣੇ ਪਿੰਡ ਲੈ ਜਾਂਦਾ ਸੀ ।ਬੰਟੀ ਦਾ ਵੀ ਉਹਦੇ ਪਿੰਡ ਆ ਕੇ ਬੜਾ ਦਿਲ ਲੱਗਦਾ ਸੀ।

ਇਸ ਬਾਰ ਵੀ ਪਿੰਡ ਆਉਂਦਿਆਂ ਹੀ ਚਾਹ ਪਾਣੀ ਪੀ ਕੇ ਆਪਣੀ ਆਦਤ ਅਨੁਸਾਰ ਉਹ ਆਪਣੀ ਮੋਟਰ ’ਤੇ ਚਲਿਆ ਗਿਆ ।ਮੋਟਰ ਚੱਲ ਰਹੀ ਸੀ ਪਰ ਉੱਥੇ ਦਾ ਅਜਬ ਨਜ਼ਾਰਾ ਦੇਖ ਕੇ ਹਰਮਨ ਬੁੱਤ ਹੀ ਬਣ ਗਿਆ ।ਸਾਹਮਣੇ ਮੋਟਰ ਦੇ ਚੁਬੱਚੇ ’ਤੇ ਅੱਧ ਭਿੱਜੀ ਗੁੱਜਰਾਂ ਦੀ ਕੁੜੀ ਸ਼ਿੰਦੋ ਦੁਨੀਆ ਤੋਂ ਬੇਖ਼ਬਰ ਹੋ ਕੇ ਕੁੱਝ ਗੁਣਗੁਣਾਉਂਦੀ ਹੋਈ ਕੱਪੜੇ ਧੋ ਰਹੀ ਸੀ ।ਹਰਮਨ ਨੇ ਇੰਨੀ ਸੋਹਣੀ ਕੜੀ ਚੰਡੀਗੜ੍ਹ ਵੀ ਨਹੀਂ ਵੇਖੀ ਸੀ ।ਉਹ ਲਗਾਤਾਰ ਉਸ ਨੂੰ ਨਿਹਾਰਦਾ ਰਿਹਾ ਜਦੋਂ ਤੱਕ ਸ਼ਿੰਦੋ ਦੀ ਨਜ਼ਰ ਉਸ ’ਤੇ ਨਾ ਪਈ ।ਸ਼ਿੰਦੋ ਅਚਾਨਕ ਉਸ ਨੂੰ ਸਾਹਮਣੇ ਦੇਖ ਕੇ ਹੜਬੜਾਹਟ ਜਿਹੀ ਵਿੱਚ ਉੱਠ ਕੇ ਮੋਟਰ ਦੇ ਕੋਠੇ ਦੇ ਪਿੱਛੇ ਚਲੀ ਗਈ ।ਬਿਨਾ ਦੇਰ ਕੀਤਿਆਂ ਹਰਮਨ ਵੀ ਉਸ ਦੇ ਪਿੱਛੇ ਹੀ ਚਲਾ ਗਿਆ ।ਸ਼ਿੰਦੋ ਉਹਨੂੰ ਦੇਖ ਕੇ ਬਹੁਤ ਡਰ ਗਈ ।ਸ਼ਿੰਦੋ ਦੇ ਸਾਰੇ ਘਰਦੇ ਆਪਣੇ ਆਪਣੀਆਂ ਮੱਝਾਂ-ਗਾਵਾਂ ਚਰਾਉਣ ਗਏ ਹੋਏ ਸਨ ਤੇ ਦਿਨ ਵੇਲੇ ਉੱਥੇ ਉਹ ਇਕੱਲੀ ਹੀ ਸੀ ।ਹਰਮਨ ਨੇ ਉਸ ਕੋਲ ਜਾ ਕੇ ਕਿਹਾ, "ਸੱਚ ਹੀ ਸੁਣਿਆ ਸੀ ਬਈ ਕੁੜੀ ਜਿੰਨੀ ਜ਼ਿਆਦਾ ਸੋਹਣੀ ਹੁੰਦੀ ਹੈ ਉਹ ਉੰਨੀ ਹੀ ਜ਼ਿਆਦਾ ਡਰਾਕਲ ਵੀ ਹੁੰਦੀ ਹੈ।" ਹਰਮਨ ਪਹਿਲੀ ਨਜ਼ਰੇ ਹੀ ਸ਼ਿੰਦੋ ’ਤੇ ਮਰ ਮਿਟਿਆ ਸੀ। ਮੌਕੇ ਨਾ ਗਵਾਉਂਦਿਆਂ ਉਸ ਨੇ ਮੱਲੋਮੱਲੀ ਸ਼ਿੰਦੇ ਦਾ ਹੱਥ ਫੜ੍ਹ ਕੇ ਕਿਹਾ, 'ਜ਼ਿੰਦਗੀ ਤਾਂ ਹੀ ਹੈ ਹੁਣ, ਜੇ ਤੇਰਾ ਸਦੀਵੀ ਸਾਥ ਮਿਲੇ।' ਸ਼ਿੰਦੋ ਝੱਟ ਹੱਥ ਛੁਡਾ ਤੇ ਆਪਣੀ ਕੁੱਲੀ ਵੱਲ ਭੱਜ ਗਈ। ਜਾਂਦੀ-ਜਾਂਦੀ ਨੇ ਬੱਸ ਇੰਨਾ ਹੀ ਕਿਹਾ ਕਿ ਰਹਿਣ ਦੇ ਸਰਦਾਰਾ, ਮੈਨੂੰ ਡਰਪੋਕ ਕਹਿਣੈ, ਜਾਣਦੀਆਂ ਮੈਂ ਤੇਰੀ ਦਲੇਰੀ ਨੂੰ। ਇਹ ਕਹਿ ਕੇ ਸ਼ਿੰਦੋ ਆਪ ਵੀ ਆਪਣੇ ਸੋਹਣੀ ਹੋਣ ਦੀ ਗੱਲ ਮੰਨ ਗਈ ਸੀ। ਅਸਲ ’ਚ ਹਰਮਨ ਨੇ ਸ਼ਿੰਦੋ ਨੂੰ ਪਹਿਲੀ ਵਾਰ ਦੇਖਿਆ ਸੀ ਪਰ ਸ਼ਿੰਦੋ ਨੇ ਉਸ ਨੂੰ ਰਾਹ ਜਾਂਦਿਆਂ ਕਈ ਵਾਰ ਦੇਖਿਆ ਸੀ। ਹਰਮਨ ਨੇ ਹਲੂਣਾ ਤਾਂ ਸ਼ਿੰਦੋ ਦੇ ਦਿਲ ਨੂੰ ਵੀ ਦਿੱਤਾ ਸੀ ਪਰ ਸਮਾਜ ਵਿਚਲੀ ਊਚ-ਨੀਚ, ਜਾਤ-ਪਾਤ ਤੇ ਅਮੀਰੀ-ਗਰੀਬੀ ਦੀ ਰੇਖਾ ਉਲੰਘਣੀ ਉਸ ਦੇ ਵੱਸੋਂ ਬਾਹਰ ਸੀ। ਉਸ ਰਾਤ ਹਰਮਨ ਦੀ ਮਸਾਂ ਕਿਤੇ ਤੜਕੇ ਜਿਹੇ ਅੱਖ ਲੱਗੀ। ਜਾਗਦੇ ਦੇ ਸਾਰੀ ਰਾਤ ਸ਼ਿੰਦੋ ਉਸ ਦੇ ਖ਼ਿਆਲਾਂ ’ਚ ਘੁੰਮਦੀ ਰਹੀ ਤੇ ਅੱਖ ਲੱਗੀ ’ਤੇ ਸੁਪਨਿਆਂ ’ਚ। ਪਹਿਲੀ ਹੀ ਰਾਤ ਉਸ ਨੇ ਮਨ ਹੀ ਮਨ ਸ਼ਿੰਦੋ ਨਾਲ ਜ਼ਿੰਦਗੀ ਬਿਤਾਉਣ ਦਾ ਫ਼ੈਸਲਾ ਕਰ ਲਿਆ ਸੀ, ਭਾਵੇਂ ਕਿ ਇਹ ਇੰਨਾ ਸੌਖਾ ਨਹੀਂ ਸੀ।

ਦੂਜੇ ਦਿਨ ਹਰਮਨ ਦੀ ਅੱਖ ਦੇਰ ਨਾਲ ਖੁੱਲ੍ਹੀ। ਉੱਠ ਕੇ ਦੇਖਿਆ ਬਾਹਰ ਮੀਂਹ ਪੈ ਰਿਹਾ ਸੀ। ਆਪਣੀ ਆਦਤ ਅਨੁਸਾਰ ਨਹਾ-ਧੋ ਕੇ ਮੋਟਰ ’ਤੇ ਜਾਣ ਲਈ ਮੋਟਰਸਾਈਕਲ ਦੀ ਕਿੱਕ ਮਾਰ ਦਿੱਤੀ। ਆਵਾਜ਼ ਸੁਣ ਕੇ ਮਾਂ ਭੱਜੀ ਆਈ ਕਿ ਰੋਟੀ ਤਾਂ ਖਾ ਲੈ ਪਰ ਹਰਮਨ ਨੂੰ ਹੁਣ ਭੁੱਖ ਕਿੱਥੇ ਸੀ। ਬੱਸ ਹੁਣੇ ਆਇਆ ਕਹਿ ਕੇ ਉਸ ਨੇ ਮੋਟਰਸਾਈਕਲ ਦੀ ਸ਼ੂਟ ਵੱਟ ਦਿੱਤੀ। ਮੋਟਰ ’ਤੇ ਪਹੁੰਚ ਕੇ ਭਿੱਜੇ ਕੱਪੜੇ ਸੁਕਾਉਣ ਲਈ ਉਹ ਫਟਾਫਟ ਕੋਠੇ ਦੇ ਅੰਦਰ ਵੜ ਗਿਆ। ਉੱਥੋਂ ਬਾਗੀ ਥਾਣੀ ਦੂਰ ਗੁੱਜਰਾਂ ਦੇ ਕੁੱਲ ਵੱਲ ਨਜ਼ਰ ਜਾਣੀ ਸੁਭਾਵਿਕ ਹੀ ਸੀ। ਕੁੱਲ ਦੇ ਬਾਹਰ ਕੋਈ ਡੰਗਰ-ਵੱਛਾ ਨਹੀਂ ਸੀ। ਹਰਮਨ ਦੇ ਅੰਦਾਜ਼ੇ ਅਨੁਸਾਰ ਸ਼ਾਇਦ ਗੁੱਜਰ ਆਪਣਾ ਮਾਲ-ਡੰਗਰ ਚੁਰਾਉਣ ਲਈ ਮੀਂਹ ਸ਼ੁਰੂ ਹੋਣ ਤੋਂ ਪਹਿਲਾਂ ਹੀ ਚਲੇ ਗਏ ਸਨ। ਇਹ ਸੋਚਦੇ ਸਾਰ ਹੀ ਉਹ ਵਰ੍ਹਦੇ ਮੀਂਹ ’ਚ ਭੱਜਦਾ ਹੋਇਆ ਸਿੱਧਾ ਸ਼ਿੰਦੇ ਦੇ ਕੁੱਲ ਦੇ ਅੰਦਰ ਵੜ ਕੇ ਰੁਕਿਆ। ਰੋਟੀ ਖਾਂਦੀ ਸ਼ਿੰਦੇ ਦੇ ਹਰਮਨ ਨੂੰ ਉੱਥੇ ਦੇਖ ਕੇ ਸਾਹ ਹੀ ਸੁੱਕ ਗਏ। ਘਬਰਾ ਕੇ ਕਹਿਣ ਲੱਗੀ, 'ਇੱਥੋਂ ਚਲਿਆ ਜਾਹ ਸਰਦਾਰਾ, ਬਾਪੂ ਨੂੰ ਪਤਾ ਲੱਗ ਗਿਆ ਤਾਂ ਸਬੂਤਾ ਹੀ ਵੱਢ ਦੇਣੈ ਦੋਵਾਂ ਨੂੰ ਉਸ ਨੇ।' ਹਰਮਨ ਨੇ ਸ਼ਾਇਰਾਨਾ ਅੰਦਾਜ਼ ’ਚ ਕਿਹਾ, 'ਇਸ਼ਕ ਸਮੁੰਦਰ ’ਚ ਠਿੱਲ੍ਹਣਾ ਤਹਿ ਹੈ ਜਦ, ਫੇਰ ਘੜਾ ਕੱਚਾ ਕੀ ਤੇ ਪੱਕਾ ਕੀ ?' ਸ਼ਿੰਦੇ ਆਪਣੀਆਂ ਮੋਟੀਆਂ ਅੱਖੀਆਂ ਝਪਕਾ-ਝਪਕਾ ਕੇ ਹਰਮਨ ਦੇ ਕਹੇ ਸ਼ਬਦਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ। ਹਰਮਨ ਨੇ ਸ਼ਿੰਦੇ ਦੀਆਂ ਅੱਖਾਂ ’ਚ ਅੱਖਾਂ ਪਾ ਕੇ ਕਿਹਾ, 'ਇੱਕ ਭੁੱਖਾ-ਭਾਣਾ ਬੰਦਾ ਜਾਨ ਤਲੀ ’ਤੇ ਧਰ ਕੇ ਆਇਆ ਤੇ ਸਰਕਾਰ 'ਕੱਲੀ-'ਕੱਲੀ ਹੀ ਰੋਟੀ ਖਾਈ ਜਾਂਦੀ ਹੈ।' 'ਕਾਹਨੂੰ ਮਖੌਲ ਉਡਾਉਣੈ ਸਰਦਾਰਾ, ਤੂੰ ਸਾਡੀ ਗ਼ਗੀਬਾਂ ਦੀ ਰੋਟੀ ਕਿੱਥੇ ਖਾ ਸਕਦੈਂ।' ਹਰਮਨ ਨੇ ਇਕਦਮ ਉਸ ਦੇ ਨੇੜੇ ਆ ਕੇ ਕਿਹਾ, 'ਦੇਖ ਸ਼ਿੰਦੋ, ਮੈਂ ਜੱਟਾਂ ਦਾ ਮੁੰਡਾ, ਤੂੰ ਗੁੱਜਰਾਂ ਦੀ ਕੁੜੀ ਹੈਂ, ਇਹਦੇ ਵਿਚ ਨਾ ਤੇਰੀ ਤੇ ਨਾ ਮਾਰੀ ਮਰਜ਼ੀ ਐ। ਮੈਨੂੰ ਜ਼ਿਆਦਾ ਗੱਲਾਂ ਨਹੀਂ ਆਉਂਦੀਆਂ, ਬੱਸ ਇੰਨਾ ਸਮਝ ਲੈ ਕਿ ਤੇਰੇ ਤੋਂ ਬਿਨਾ ਰਹਿ ਨਹੀਂ ਹੋਣਾ ਹੁਣ।' ਸ਼ਿੰਦੋ ਦਾ ਭਖਦਾ ਚਿਹਰਾ ਲਾਲ ਸੁਰਖ਼ ਹੋ ਗਿਆ, ਕਹਿਣ ਲੱਗੀ, 'ਬੱਲੇ ਸਰਦਾਰਾ, ਹੁਣੇ ਤਾਂ ਇਸ਼ਕ-ਸਮੁੰਦਰ ’ਚ ਗੋਤੇ ਲਾਉਂਦਾ ਫਿਰਦਾ ਸੀ, ਉੱਤੋਂ ਕਹਿੰਦੈ ਮੈਨੂੰ ਜ਼ਿਆਦਾ ਗੱਲਾਂ ਨਹੀਂ ਆਉਂਦੀਆਂ।' ਹਰਮਨ ਨੇ ਹੱਕ ਭਰੇ ਅੰਦਾਜ਼ ’ਚ ਕਿਹਾ, 'ਸ਼ਿੰਦੋ, ਹੀਰ ਕਿੰਨੇ ਹੀ ਸਾਲ ਰਾਂਝੇ ਨੂੰ ਚੂਰੀ ਖਵਾਉਂਦੀ ਰਹੀ ਤੇ ਤੂੰ ਰੋਟੀ ਦੀਆਂ ਦੋ ਬੁਰਕੀਆਂ ਵੀ ਨਹੀਂ ਖਿਲਾ ਸਕਦੀ।' ਸੁਣਦੇ ਹੀ ਸ਼ਿੰਦੋ ਸ਼ਰਮਾ ਕੇ ਹਰਮਨ ਨੂੰ ਰੋਟੀ ਖਵਾਉਣ ਲੱਗ ਪਈ।

ਅਚਾਨਕ ਮੀਂਹ ਦੇ ਨਾਲ ਝੱਖੜ ਤੇ ਹਨ੍ਹੇਰੀ ਵੀ ਸ਼ੁਰੂ ਹੋ ਗਈ, ਜਿਸ ਕਾਰਨ ਸ਼ਿੰਦੇ ਦੇ ਕੁੱਲ ਦੀ ਛੱਤ ਦੇ ਇੱਕ ਹਿੱਸੇ ਨੂੰ ਹਵਾ ਆਪਣੇ ਨਾਲ ਉਡਾ ਕੇ ਲੈ ਗਈ ਅਤੇ ਉਹ ਦੋਵੇਂ ਖੁੱਲ੍ਹੇ ਅਸਮਾਨ ’ਚ ਦੁਨੀਆ ਤੋਂ ਬੇਖ਼ਬਰ, ਬੇਖ਼ੌਫ਼ ਹੋ ਕੇ ਇੱਕ-ਮਿੱਕ ਹੋ ਗਏ। ਇਹ ਸਮਝ ਨਹੀਂ ਸੀ ਆ ਰਹੀ ਕਿ ਸ਼ਿੰਦੋ ਦੀਆਂ ਅੱਖਾਂ ’ਚੋਂ ਢਲਕੇ ਮੋਤੀ ਮੀਂਹ ਦੀਆਂ ਬੂੰਦਾਂ ਸਨ ਜਾਂ ਆਪਣੇ ਇਸ਼ਕ ਦੇ ਅੰਜਾਮ ਦੇ ਡਰ ਦੇ ਹੰਝੂ। ਤੂਫ਼ਾਨ ਥੰਮ੍ਹਣ ਤੋਂ ਬਾਅਦ ਹਰਮਨ ਨੇ ਆਪਣਾ ਉਂਗਲੀ ’ਚ ਪਾਇਆ ਛੱਲਾ ਉਤਾਰ ਕੇ ਸ਼ਿੰਦੋ ਦੀ ਉਂਗਲ ’ਚ ਪਾ ਦਿੱਤਾ ਅਤੇ ਸ਼ਿੰਦੋ ਨੂੰ ਉਸ ’ਤੇ ਭਰੋਸਾ ਰੱਖਣ ਤੇ ਇੰਤਜ਼ਾਰ ਕਰਨ ਲਈ ਕਹਿ ਕੇ ਚਲਾ ਗਿਆ। ਘਰ ਆ ਕੇ ਥੋੜ੍ਹੀ ਦੇਰ ਗੁੰਮ-ਸੁੰਮ ਬੈਠਾ ਰਿਹਾ ਤੇ ਫੇਰ ਆਪਣਾ ਮਾਂ ਨੂੰ ਪੜ੍ਹਾਈ ਦਾ ਬਹਾਨਾ ਲਾ ਕੇ ਐਤਵਾਰ ਨੂੰ ਹੀ ਚੰਡੀਗੜ੍ਹ ਚਲਾ ਗਿਆ। ਉੱਥੇ ਵੀ ਉਹ ਚੁੱਪ-ਚਾਪ ਹੀ ਰਿਹਾ। ਜਦੋਂ ਅਗਲੇ ਹਫ਼ਤੇ ਵੀ ਹਰਮਨ ਪਿੰਡ ਨਾ ਗਿਆ ਤਾਂ ਬੰਟੀ ਦਾ ਸ਼ੱਕ ਯਕੀਨ ’ਚ ਬਦਲ ਗਿਆ ਕਿ ਕੋਈ ਗੱਲ ਤਾਂ ਜ਼ਰੂਰ ਹੈ। ਬੰਟੀ ਵੱਲੋਂ ਜ਼ੋਰ ਪਾਉਣ ਤੇ ਯਾਰੀ ਦਾ ਵਾਸਤਾ ਦੇਣ ’ਤੇ ਹਰਮਨ ਨੇ ਉਸ ਨੂੰ ਸਾਰੀ ਗੱਲ ਦੱਸ ਦਿੱਤੀ। ਅਗਲੇ ਐਤਵਾਰ ਬੰਟੀ ਇਕੱਲਾ ਹੀ ਹਰਮਨ ਦੇ ਪਿੰਡ ਸੀ। ਉੱਥੇ ਉਸ ਨੇ ਹਰਮਨ ਦੇ ਮਾਂ-ਬਾਪ ਨਾਲ ਇਸ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ ਤੇ ਉਸ ਦੀ ਹਾਲਤ ਬਾਰੇ ਦੱਸਿਆ। ਸੁਣ ਕੇ ਲੰਬੜਦਾਰ ਥੋੜ੍ਹਾ ਭੜਕਿਆ ਪਰ ਹਰਮਨ ਦੀ ਮਾਂ ਨੇ ਠੰਢੇ ਦਿਮਾਗ਼ ਨਾਲ ਸੋਚਣ ਤੇ ਇਸ ਦਾ ਹੱਲ ਕੱਢਣ ਲਈ ਬੰਟੀ ਨੂੰ ਕਿਹਾ ਕਿ ਉਹ ਅਗਲੇ ਹਫ਼ਤੇ ਹਰਮਨ ਨੂੰ ਲੈ ਕੇ ਪਿੰਡ ਆਵੇ। ਬੰਟੀ ਦੇ ਜਾਣ ਮਗਰੋਂ ਲੰਬੜਦਾਰ ਦਾ ਰੁਕਿਆ ਲਾਵਾ ਇਕਦਮ ਫਟ ਗਿਆ। ਗੁੱਸੇ ’ਚ ਕਹਿਣ ਲੱਗਾ, 'ਤੂੰ ਹੀ ਝਮਲਾਇਆ ਹੋਇਐ ਵੱਡੇ ਲਾਟ ਸਾਬ੍ਹ ਨੂੰ, ਚਾਲੀ ਕਿਲ੍ਹਿਆਂ ਦਾ ਮਾਲਕ ਐ ਜੱਟ ਦਾ ਪੁੱਤ ਤੇ ਵੀਹ ਕਿਲ੍ਹਿਆਂ ਦਾ ਮੱਥਾ ਜੀ.ਟੀ. ਰੋਡ ’ਤੇ ਲੱਗਦੈ ਮਾਜਰੀ ਦੇ ਸਰਪੰਚ ਦਾ, ਜੀਹਦੀ ਇਕਲੌਤੀ ਕੁੜੀ ਨਾਲ ਮੈਂ ਇਹਦਾ ਰਿਸ਼ਤਾ ਕਰਨ ਨੂੰ ਫਿਰਦਾਂ ਤੇ ਇਹ ਸਾਲਾ ਰੂੜੀ ’ਤੇ ਡੁੱਲ੍ਹਿਆ ਫਿਰਦੈ। ਸਮਝਾ ਲੈ ਆਪਣੇ ਲਾਡਲੇ ਨੂੰ, ਪਾਤਾਲ ਦਾ ਮੇਲ ਕਦੇ ਵੀ ਆਸਮਾਨ ਨਾਲ ਨਹੀਂ ਹੋ ਸਕਦਾ।' ਹਰਮਨ ਦੀ ਮਾਂ ਨੇ ਮਸਾਂ ਕਿਤੇ ਲੰਬੜਦਾਰ ਨੂੰ ਠੰਢਾ ਕੀਤਾ। ਅੱਕਿਆ ਕਹਿੰਦਾ, 'ਏਦੂੰ ਤਾਂ ਚੰਡੀਗੜ੍ਹ ਦੀ ਕਿਸੇ ਵੀ ਕੁੜੀ ਨਾਲ ਵਿਆਹ ਕਰਵਾ ਲਵੇ, ਘੱਟੋ-ਘੱਟ ਆਹ ਕਲੰਕ ਤਾਂ ਨਾ ਲੱਗੂ ਕਿ ਲੰਬੜਾਂ ਦੇ ਮੁੰਡੇ ਨੇ ਗੁੱਜਰਾਂ ਦੀ ਕੁੜੀ ਵਿਆਹ ਲਿਆਂਦੀ। ਇਹ ਨਾ ਮੈਂ ਕਦੇ ਸੋਚ ਸਕਦਾਂ ਤੇ ਨਾ ਮੈਂ ਹੋਣ ਦੇਣੈ।'

ਇਹ ਫ਼ੈਸਲਾ ਤਾਂ ਭਾਵੇਂ ਲੰਬੜਦਾਰ ਨੇ ਸੁਣਾ ਦਿੱਤਾ ਸੀ ਪਰ ਹਰਮਨ ਵੀ ਉਸੇ ਦੀ ਔਲਾਦ ਸੀ ਤੇ ਉਹ ਉਸ ਨੂੰ ਚੰਗੀ ਤਰਾਂ ਜਾਣਦਾ ਸੀ। ਇਸੇ ਉਧੇੜ-ਬੁਣ ’ਚ ਫਸੇ ਨੇ ਇਹ ਪ੍ਰੇਸ਼ਾਨੀ ਆਪਣੇ ਹਮ-ਪਿਆਲੇ ਯਾਰ ਬਲਵੰਤ ਨਾਲ ਸਾਂਝੀ ਕੀਤੀ ਜਿਹੜਾ ਕਿ ਨੇੜਲੇ ਸ਼ਹਿਰ ਰਹਿ ਕੇ ਪ੍ਰਾਪਰਟੀ ਦਾ ਕਾਰੋਬਾਰ ਕਰਦਾ ਸੀ ਅਤੇ ਲੰਬੜਦਾਰ ਤੇ ਬਲਵੰਤ ਨੇ ਕਈ ਸੌਦੇ ਸਾਂਝੇ ਵੀ ਕੀਤੇ ਸਨ। ਲੰਬੜਦਾਰ ਤਾਂ ਗੁੱਜਰਾਂ ਦਾ ਖੁਰਾ-ਖੋਜ ਮਿਟਾਉਣ ਲਈ ਗੁੱਸੇ ’ਚ ਰਫ਼ਲ ਚੁੱਕੀ ਫਿਰਦਾ ਸੀ। ਬਲਵੰਤ ਨੇ ਲੰਬੜਦਾਰ ਨੂੰ ਪੈਂਗ ਫੜਾਉਂਦਿਆਂ ਇੱਕ ਸਕੀਮ ਦੱਸਦਿਆਂ ਕਿਹਾ,'ਦੇਖ ਲੰਬੜਦਾਰਾ, ਖ਼ੂਨ ਖ਼ਰਾਬੇ ਨਾਲ ਤੇਰੀ ਵੀ ਬਦਨਾਮੀ ਹੋਊ, ਨਾਲੇ ਅਣਖੀ ਉਹ ਵੀ ਬਥੇਰੇ ਨੇ, ਕੀ ਪਤੈ ਅਗਲੇ ਆਪਣੀ ਧੀ ਦੀ ਇੱਜ਼ਤ ਕਾਰਨ ਤੇਰਾ ਜਾਂ ਹਰਮਨ ਦਾ ਕੋਈ ਨੁਕਸਾਨ ਕਰ ਦੇਣ। ਇਨ੍ਹਾਂ ਦਾ ਕਿਹੜਾ ਕੋਈ ਟਿਕਾਣਾ ਹੁੰਦੈ, ਅੱਜ ਇੱਥੇ, ਕੱਲ੍ਹ ਕਿਤੇ ਹੋਰ। ਤੂੰ ਉਨ੍ਹਾਂ ਦੋ ਕਿੱਲਿਆਂ ਦਾ ਮੇਰੇ ਨਾਲ ਕਾਗ਼ਜ਼ੀ ਬੈਅ-ਇਕਰਾਰਨਾਮਾ ਲਿਖਾ ਦੇ ਕਚਹਿਰੀ ਤੇ ਹਰਮਨ ਨੂੰ 10-15 ਦਿਨ ਪਿੰਡ ਆਉਣੋਂ ਰੋਕ ਦੇ ਬੱਸ। ਗੁੱਜਰਾਂ ਨੂੰ ਮੈਂ ਆਪੇ 5-7 ਦਿਨਾਂ ’ਚ ਇੱਥੋਂ ਭਜਾ ਦੇਊਂ ਤੇ ਬਾਅਦ ’ਚ ਆਪਾਂ ਉਹ ਇਕਰਾਰਨਾਮਾ ਪਾੜ ਦੇਵਾਂਗੇ। ਬੱਸ ਤੂੰ ਇੰਨਾ ਕਹਿਣੈ ਕਿ ਇੱਥੇ ਬਲਵੰਤ ਨੇ ਕਾਲੋਨੀ ਕੱਟਣੀ ਹੈ।' ਲੰਬੜਦਾਰ ਨੂੰ ਇਹ ਗੱਲ ਜਚ ਗਈ ਤੇ ਦੂਜੇ ਦਿਨ ਉਸ ਨੇ ਕਚਹਿਰੀ ਜਾ ਕੇ ਬਲਵੰਤ ਨਾਲ ਦੋ ਕਿੱਲਿਆਂ ਦਾ ਲਿਖ-ਲਿਖਾਅ ਕਰ ਲਿਆ। ਬਲਵੰਤ ਨੇ 2-3 ਦਿਨਾਂ ’ਚ ਹੀ ਆਪਣੇ ਅਸਰ ਰਸੂਖ਼ ਨਾਲ ਗੁੱਜਰਾਂ ਦਾ ਡੇਰਾ ਚੁੱਕਵਾ ਦਿੱਤਾ। ਉਸ ਤੋਂ ਅਗਲੇ ਹੀ ਦਿਨ ਲੰਬੜਦਾਰ ਨੇ ਬਲਵੰਤ ਨੂੰ ਸਕੀਮ ਅਨੁਸਾਰ ਜ਼ਮੀਨ ’ਚੋਂ ਆਪਣੇ ਬੰਦੇ ਤੇ ਮਸ਼ੀਨਰੀ ਹਟਾਉਣ ਲਈ ਕਿਹਾ ਤਾਂ ਜੋ ਹਰਮਨ ਨੂੰ ਖ਼ਾਲੀ ਹੋਈ ਜ਼ਮੀਨ ’ਚ ਦਿਖਾਇਆ ਜਾ ਸਕੇ ਕਿ ਜਿਸ ਕੁੜੀ ਪਿੱਛੇ ਉਹ ਮਰ-ਮਰ ਜਾਂਦਾ ਸੀ, ਉਹ ਸ਼ਿੰਦੋ ਤਾਂ ਆਪਣੇ ਕਬੀਲੇ ਸਮੇਤ ਰਾਤੋ-ਰਾਤ ਹੀ ਕਿਧਰੇ ਚਲੀ ਗਈ ਹੈ। ਇਸ ਤਰਾਂ ਹਰਮਨ ਆਪੇ ਸ਼ਿੰਦੋ ਨੂੰ ਭੁੱਲ ਜਾਵੇਗਾ ਕਿ ਉਹ ਤਾਂ ਧੋਖੇਬਾਜ਼ ਨਿੱਕਲੀ। ਬਲਵੰਤ ਨੇ ਲੰਬੜਦਾਰ ਨੂੰ ਕਿਹਾ ਕਿ ਸੋਮਵਾਰ ਨੂੰ ਬੁਲਾ ਲਓ ਮੁੰਡੇ ਨੂੰ, ਮੈਂ ਐਤਵਾਰ ਤੱਕ ਆਪਣਾ ਸਾਰਾ ਸਾਮਾਨ ਸਮੇਟ ਲਵਾਂਗਾ।

ਸੋਮਵਾਰ ਸਵੇਰੇ ਹੀ ਲੰਬੜਦਾਰ ਨੇ ਹਰਮਨ ਤੇ ਬੰਟੀ ਨੂੰ ਘਰ ਸੱਦ ਲਿਆ।

ਪ੍ਰੀਤ ਫੁਲਵਾੜੀ

ਇਸ਼ਕ ਦਾ ਰੰਗ

ਹਾਂ ਮੁਹੱਬਤ ਤੇ ਹੈ ਉਸ ਨੂੰ
ਬਸ ਕਹਿਣ ਤੋਂ ਸੰਗ ਜਾਂਦਾ ਹੈ।
ਦੂਰੋਂ ਦੂਰੋਂ ਨਜ਼ਰ ਸਾਡੇ ਤੇ
ਪਰ ਕੋਲ਼ੋਂ ਨੀਵੀਂ ਪਾ ਕੇ ਲੰਘ ਜਾਂਦਾ ਹੈ।
ਇਕ ਤੇ ਅਸੀਂ ਪਹਿਲੋਂ ਥੋੜ ਦਿਲੇ
ਉਪਰੋਂ ਹੱਸਕੇ ਜਿੰਦ ਨੂੰ ਸੂਲੀ ਟੰਗ ਜਾਂਦਾ ਹੈ ।
ਮੂੰਹੋਂ ਤੇ ਬੋਲ ਕੇ ਚੰਦਰਾ ਕੁਝ ਨਹੀਂ ਕਹਿੰਦਾ
ਉਂਝ ਗੱਲਾਂ ਗੱਲਾਂ ਵਿਚ ਦਿਲ ਮੰਗ ਜਾਂਦਾ ਹੈ।
ਨੀਵੀਂ ਜਿਹੀ ਪਾ ਕੇ , ਥੋੜ੍ਹਾ ਮੁਸਕਾ ਕੇ
ਮੇਰੀ ਖੰਘ ਦੇ ਵਿੱਚ ਝੂਠੀ ਮੂਠੀ ਖੰਘ ਜਾਂਦਾ ਹੈ।
ਉਹਦੀ ਇਕ-ਇਕ ਅਦਾ ਹੈ ਕਾਤਿਲ
ਉਪਰੋਂ ਕਹਿਰ ਹੁਸਨ ਸੀਨਾ ਡੰਗ ਜਾਂਦਾ ਹੈ।
ਜੇ ਕੋਈ ਤੈਨੂੰ ਦੇਖੇ ਤਾਂ ਪਤਾ ਲੱਗੇ
ਮਿਰਜ਼ਾ ਹਰ ਜਨਮ ਮਰਨ ਲਈ ਕਿਉਂ ਝੰਗ ਜਾਂਦਾ ਹੈ।
ਨਿੱਤ ਕਰਨੇ ਹਾਂ ਜੱਦੋ ਜਹਿਦ ਜਜ਼ਬਾਤਾਂ ਸੰਗ
ਜਿਵੇਂ ਕੋਈ ਯੋਧਾ ਜੰਗ ਜਾਂਦਾ ਹੈ।
ਜਦ ਤੱਕ ਜਾਗਾ ਪੈਂਦੇ ਰਹਿਣ ਭੁਲੇਖੇ
ਉਹ ਖ਼ਾਬਾਂ ਵਿਚ ਵੀ ਕਰਕੇ ਤੰਗ ਜਾਂਦਾ ਹੈ।
ਉਹਦਾ ਹੁਸਨ ਜਿਵੇਂ ਕੋਈ ਤਲਿਸਮੀ ਜਾਦੂ
ਜੋ ਵੀ ਦੇਖੇ , ਬਸ ਰਹਿ ਦੰਗ ਜਾਂਦਾ ਹੈ।
ਸਾਡੇ ਵਾਰੀ ਪਤਾ ਨਹੀਂ ਕੀ ਹੋ ਜਾਂਦੈ ਦੀਪ
ਸੁਣਿਆ ਲੋਕਾਂ ਨੂੰ ਮੁਹੱਬਤਾਂ ਦੇ ਦੱਸਕੇ ਢੰਗ ਜਾਂਦਾ ਹੈ।
ਉਸ ਤੇ ਹੋਰ ਕੋਈ ਫਿਰ ਰੰਗ ਨਹੀਂ ਚੜ੍ਹਦਾ
ਜਿਸ ਤੇ ਚੜ੍ਹ ਇਸ਼ਕ ਦਾ ਰੰਗ ਜਾਂਦਾ ਹੈ।
ਕਿੰਝ ਭੁੱਲ ਸਕਨੀ ਆ ਮੈਂ ਗੀਤ ਮੁਹੱਬਤਾਂ ਦਾ
ਉਹ ਪੁਰਾਣੀ ਟੁੱਟਣੋਂ ਪਹਿਲਾਂ ਨਵੀਂ ਫੜਾ ਵੰਗ ਜਾਂਦਾ ਹੈ।

ਜ..ਦੀਪ ਸਿੰਘ ਦੀਪ
ਮੋਬਾ: 98760-04714

ਤੇਰੀ ਧੀ ਹਾਂ ਬਾਪੂ ਮੈਂ ਮੈਂ ਤੇਰੀ ਲਾਜ ਰੱਖਾਂਗੀ।

ਪੈਦਾ ਹੋਈ ਤੂੰ ਚੁੱਕ ਬਿਠਾਇਆ
ਆਪਣੀ ਗੋਦੀ ਦੇ ਆਸਣ ਤੇ।
ਮੈ ਚੜਦੀ ਜਵਾਨੀ ਚ
ਤੇਰੇ ਸਿਰ ਤਾਜ ਰੱਖਾਂਗੀ।
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਮੇਰੇ ਵਾਸਤੇ ਸਹੇ
ਜੌ ਤਾਹਨੇ ਲੱਖ ਸ਼ਰੀਕਾਂ ਦੇ
ਮੈਂ ਖੜੀ ਉਤਰੂੰ ਉਮੀਦਾਂ ਤੇ
ਚੁੰਨੀ ਬੇਦਾਗ ਰੱਖਾਂਗੀ।
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਦਿੱਤੇ ਖੰਭ ਮੈਨੂੰ ਭਾਵੇਂ
ਉੱਡਣੇ ਨੂੰ @ਸਮਾਨਾ ਤੇ।
ਮੈਂ ਛੂਹੂੰ ਭਾਵੇਂ ਸ਼ਿਖਰਾਂ ਨੂੰ
ਕਦਮ ਜ਼ਮੀਂ ਤੇ ਧਾਰ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੇਰੀ ਪੱਗ ਦੇ ਲੜ ਅੰਦਰ
ਮੈ ਬੰਨਿਆਂ ਖੁਦ ਨੂੰ ਹੈ ਪੱਕਾ।
ਜਾਲੀ ਮਾਂ ਦੀ ਚੁੰਨੀ ਚ
ਮੈਂ ਖੁਦ ਨੂੰ ਤਾੜ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ।

ਤੂੰ ਮੇਰੇ ਦਰਦ ਨੂੰ ਜਾਣੇ
ਅਣਕਹੀਆਂ ਵੀ ਸੁਣਦਾ ਹੈਂ।
ਹਰ ਗੱਲ ਦਿਲ ਦੀ ਦਸਾਂਗੀ
ਨਾ ਕੋਈ ਰਾਜ਼ ਰੱਖਾਂਗੀ
ਤੇਰੀ ਧੀ ਹਾਂ ਬਾਪੂ ਮੈਂ
ਮੈਂ ਤੇਰੀ ਲਾਜ ਰੱਖਾਂਗੀ

ਨਿਤਸ਼ਾਇਰਾ (ਨੀਤੂ)
ਫਾਜ਼ਿਲਕਾ

ਅਸੀਂ ਕਿੱਥੇ ਬੋਲਦੇ ਹਾਂ, ਸਾਹਿਬ !

ਮੂਲ : ਰਤਨਾ ਭਦੌਰੀਆ
ਅਨੁ : ਪ੍ਰੋ. ਨਵ ਸੰਗੀਤ ਸਿੰਘ

ਉਹ ਕਹਿੰਦੇ ਹਨ – ਚੁੱਪ ਰਹੋ
ਅਸੀਂ ਕਹਿੰਦੇ ਹਾਂ – ਅਸੀਂ ਚੁੱਪ ਹਾਂ, ਸਾਹਿਬ !
ਪੇਟ ਵਿੱਚ ਤਪਦਾ ਮਾਰੂਥਲ
ਥਾਲ਼ੀ ਵਿੱਚ ਡੁੱਬਿ ?ਆ ਸੂਰਜ
ਅੰਤੜੀਆਂ ਵਿੱਚ ਦਰਦ ਕਰਦੀ ਭੁੱਖ
ਅਸੀਂ ਕਿੱਥੇ ਬੋਲਦੇ ਹਾਂ, ਸਾਹਿਬ !
ਬੋਲਦੀ ਤਾਂ ਪਸਲੀਆਂ ਵਿੱਚ ਕੈਦ
ਹਵਾ ਦੀ ਛਟਪਟਾਹਟ
ਬੋਲਦੀ ਤਾਂ ਨਾੜੀਆਂ ਵਿੱਚ ਦੌੜਦੀ
ਲਹੂ ਦੀ ਬਗਾਵਤ
ਸਾਡੇ ਬੁੱਲ੍ਹ ਸੀਤੇ ਹਨ
ਪਰ ਅੰਦਰ ਕਿੰਨੇ ਸ਼ਹਿਰ ਜਲਦੇ ਹਨ
ਮਹਿੰਗਾਈ –
ਚੁੱਲੇ ਦੀ ਬੁਝਦੀ ਅੱਖ
ਬੇਰੁਜ਼ਗਾਰੀ –
ਡਿਗਰੀਆਂ ਤੇ ਉਗੀ ਕਾਈ
ਸਿੱਖਿਆ –
ਬਜ਼ਾਰ ਵਿੱਚ ਗਿਰਵੀ ਬਚਪਨ
ਪਿੱਤਰਸੱਤਾ –
ਔਰਤ ਦੀ ਦੇਹ ਤੇ
ਖਿੱਚੀ ਅਦ੍ਰਿਸ਼ ਸਰਹੱਦ
ਫਾਸ਼ੀਵਾਦ –
ਖਿੜਕੀਆਂ 'ਚੋਂ ਉਤਰਦਾ ਹਨੇਰਾ
ਪੂੰਜੀ ਦੂਜਿਆਂ ਦੀ ਹੱਡੀ 'ਤੇ
ਖੜ੍ਹਾ ਸੰਗਮਰਮਰ
ਅਤੇ ਤਾਨਾਸ਼ਾਹੀ –
ਹਰ ਗਲ਼ੇ ਦੇ ਅੰਦਰ
ਆਪਣਾ ਖ਼ੌਫ਼ ਬੀਜਦੀ ਹੋਈ
ਅਸੀਂ ਤਾਂ ਚੁੱਪ ਹਾਂ, ਸਾਹਿਬ !
ਬੋਲਦੇ ਤਾਂ ਸਾਡੇ ਜ਼ਖ਼ਮ
ਬੋਲਦੀਆਂ ਹਨ ਹੱਥਾਂ ਦੀਆਂ ਤਰੇੜਾਂ
ਬੋਲਦੀ ਹੈ ਅੱਖਾਂ ਵਿੱਚ ਰੁਕੀ ਨੀਂਦ ਦੀਆਂ
ਉਜੜੀਆਂ ਬਸਤੀਆਂ
ਸਾਡੇ ਸੁਆਲ
ਤੁਹਾਡੀ ਦਹਿਲੀਜ਼ ਤੇ ਪਏ
ਉਹ ਪੱਥਰ ਹਨ
ਜਿਨ੍ਹਾਂ ਨੂੰ ਤੁਸੀਂ ਰਾਹ 'ਚੋਂ ਪਰੇ ਕਰਦੇ ਹੋ।
ਕਿਸ-ਕਿਸ ਅਵਾਜ਼ ਨੂੰ
ਕਿੰਨੀ ਮਿੱਟੀ ਦਿਓਗੇ, ਸਾਹਿਬ !
ਭੁੱਖ ਨੂੰ, ਮਿਹਨਤ ਨੂੰ
ਜਾਂ ਆਪਣੇ ਹੀ ਵਿਵੇਕ ਨੂੰ।
ਸਾਡੀ ਖ਼ਾਮੋਸ਼ੀ
ਤੁਹਾਡੀ ਢਾਲ ਨਹੀਂ –
ਤੁਹਾਡੇ ਸਮੇਂ ਦੇ ਮੱਥੇ 'ਤੇ
ਉਭਰਿਆ ਹੋਇਆ ਉਹ ਦਾਗ਼ ਹੈ
ਜੀਹਨੂੰ ਕੋਈ ਉਤਸਵ
ਕੋਈ ਨਾਅਰਾ
ਕੋਈ ਪਰਦਾ
ਢਕ ਨਹੀਂ ਸਕਦਾ
ਅਸੀਂ ਚੁੱਪ ਹਾਂ, ਸਾਹਿਬ !
ਪਰ ਅੰਦਰ ਇੱਕ ਪੂਰਾ ਲੋਕ-ਸਮੂਹ
ਆਪਣੀਆਂ ਬੇੜੀਆਂ
ਦੰਦਾਂ ਨਾਲ ਕੱਟ ਰਿਹਾ ਹੈ

ਮੂਲ : ਰਤਨਾ ਭਦੌਰੀਆ, ਰਾਏਬਰੇਲੀ
(ਉੱਤਰਪ੍ਰਦੇਸ਼)
singhratna74474@gmail.com
ਅਨੁ : ਪ੍ਰੋ. ਨਵ ਸੰਗੀਤ ਸਿੰਘ,ਪਟਿਆਲਾ-147002. (9417692015)

.ਗ਼ਜ਼ਲ

ਉਹ ਗੈਰਾਂ ਵਾਂਗੂੰ ਵੇਖੇ ਸਾਡੇ ਵੱਲ,
ਉਸ ਨਾ' ਕੀ ਕਰੀਏ ਸਾਂਝੀ ਦਿਲ ਦੀ ਗੱਲ।
ਮਿਲਣਾ ਕੁਝ ਨਹੀਂ ਲੜ ਕੇ ਇਕ ਦੂਜੇ ਨਾਲ,
ਬਹਿ ਕੇ ਹਰ ਮਸਲਾ ਹੋ ਜਾਂਦਾ ਹੈ ਹੱਲ।
ਉਸ ਨੂੰ ਬੋਲਣ ਲਈ ਕਰਨਾ ਪਊ ਮਜਬੂਰ,
ਉਸ ਦੀ ਚੁੱਪ ਤੋੜਨ ਦਾ ਹੈ ਇੱਕੋ ਹੱਲ।
ਘਰ ਖਾਲੀ ਕਰਕੇ ਬੈਠ ਗਏ ਮਾਂ-ਬਾਪ,
ਵਿੱਚ ਬਦੇਸ਼ੀਂ ਆਪਣਾ ਇੱਕੋ ਪੁੱਤ ਘੱਲ।
ਸਾਧੂ ਨੂੰ ਕੁਝ ਕਰਨਾ ਪੈਣਾ ਆਂ ਦਾਨ,
ਉਹ ਖੜ੍ਹ ਗਿਆ ਸਾਡੇ ਘਰ ਦਾ ਬੂਹਾ ਮੱਲ।
ਪੈ ਜਾਵੇ ਨਾ ਨਵਾਂ ਪੰਗਾ ਕੋਈ ਹੋਰ,
ਜਿੰਨਾ ਛੇਤੀ ਹੋ ਸਕੇ, ਇੱਥੋਂ ਪਉ ਚੱਲ।
ਉਸ ਦਾ ਜੀਵਨ ਭਰ ਜਾਵੇ ਖੁਸ਼ੀਆਂ ਨਾਲ,
ਜਿਸ ਨੂੰ ਆ ਜਾਵੇ ਪਿਆਰ ਕਰਨ ਦਾ ਵੱਲ।

ਮਹਿੰਦਰ ਸਿੰਘ ਮਾਨ
ਪਿੰਡ ਤੇ ਡਾਕ ਰੱਕੜਾਂ ਢਾਹਾ-144526
ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ
ਫੋਨ -9915803554

ਇੱਕ ਕਵਿਤਾ

****ਕੋਈ ਮੋੜ ਲਿਆਵੋ ਨੀ****

ਬੜੇ ਯਤਨ ਹੋਏ ,ਨਸ਼ਾ ਨਾ ਬੰਦ ਹੋਇਆ,
ਹੁੰਦੀ ਹੱਦਾਂ 'ਤੇ ਹਲ ਚਲ ਬਾਬਾ।
ਕਦੇ ਤਸ਼ਕਰ, ਕਦੇ ਡਰੋਨ ਸੁੱਟਦੇ ?,
ਨਿਗ ?ਹਾ ਸ਼ਾਨੀ ਪਲ ਦੀ ਪਲ ਬਾਬਾ।
ਮਾੜਾ ਗੁਆਢ ? ਨਾ ਹੋਵੇ ਕਹਿਣ ਲੋਕੀ ?,
ਦੁੱਖ ਦਿੰਦਾ ਅੱਜ ਤੇ ਕੱਲ੍ਹ ਬਾਬਾ।
ਮਾੜਾ ਰਿਸ਼ਤੇਦਾਰ ਆਵੇ ਕਦੇ ਕਦਾਈਂ,
ਬੰਦਾ ਲੈਂਦਾ ਓਨਾ ਕੁ ਝੱਲ ਬਾਬਾ।
ਇਥੇ ਨਿੱਤ ਦਾ ਪਿਆ ਰੰਡੀ ਰੋਣਾ ?,
ਪੈਣੀ ਪਤਾ ਨਹੀਂ ਕਦੋਂ ਕੁ ਠੱਲ ਬਾਬਾ।
ਜਵਾਨੀ ਨਸ਼ਿਆਂ ਵਿੱਚ ਗ਼ਲਤਾਨ ਹੋਈ ?,
ਢਾਹੇ ਨਸ਼ੇ ਨੇ ਵੱਡੇ ਵੱਡੇ ਮੱਲ ਬਾਬਾ।
ਕੌਣ ਲਿਆਉਂਦਾ ਤੇ ਕੌਣ ਵੇਚਦਾ ਹੈ,
ਹੋਈ ਸਮਝੋ ਬਾਹਰ ਦੀ ਗੱਲ ਬਾਬਾ।
'ਪੱਤੋ' ਆਖਦਾ ਬਚਾਓ ਪੰਜਾਬ ਤਾਂਈ ?,
ਮੁੜ ਆਵੇ ਇਹ ਵਿਰਸੇ ਵੱਲ ਬਾਬਾ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ 94658-21417

ਗ਼ਜ਼ਲ

ਦਿਲ ਵਿੱਚ ਦਰਦ ਸਮਾ ਬੈਠੇ
ਅਸੀ ਨਾਲ ਗ਼ਮਾ ਦੇ ਲਾ ਬੈਠੇ
ਤੁਸੀ ਸਭ ਬਲਾਵਾਂ ਆਪਣੀਆ
ਸਾਡੇ ਵੱਲ ਨੂੰ ਤੋਰ ਦਿਉ
ਕੋਈ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਪੀੜਾਂ ਨਾਲ ਪਰੁਨੀਆਂ ਪੌਣਾ ਨੂੰ
ਤੇਰਾ ਨਾਂ ਲੈ ਲੈ ਕੇ ਛੇੜਦੇ ਹਾਂ
ਅਸੀ ਦਿਲ ਦੇ ਗਹਿਰੇ ਜਖਮਾਂ ਨੂੰ
ਹੁਣ ਯਾਦਾ ਨਾਲ ਉਚੇੜਦੇ ਹਾਂ
ਤੁਸੀ ਜਿੰਦਗੀ ਦੀਆਂ ਸਾਰੀਆਂ ਚੁੱਪਾ ਨੂੰ
ਬੇਫਿਕਰਿਆਂ ਵਾਂਗੂ ਤੋੜ ਦਿਉ
ਸਾਨੂੰ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਤੇਰੇ ਦਿਨ ਸੁੰਨਹਿਰੀ ਸਜਣਾ ਵੇ
ਸਾਡੇ ਹਿਸੇ ਰਾਤਾ ਕਾਲੀਆ ਨੇ
ਤੇਰੇ ਵਿਹੜੇ ਵਿਚ ਫੁੱਲ ਖਿੜਦੇ ਐ
ਸਾਡੀਆ ਰੁੱਤਾ ਪੱਤਝੜ ਵਾਲੀਆ ਨੇ
ਅੱਜ ਬਿਰਹੋ ਵਿਚ ਹੱਢ ਸੜਦੇ ਨੇ
ਤੁਸੀ ਤਲੀਆ ਸੇਕਣ ਤੇ ਜੋਰ ਦਿਉ
ਕੋਈ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ
ਇਸ ਵਿਜੋਗਣ ਜਿੰਦੜੀ ਨੇ
ਦੁੱਖਾ ਨਾਲ ਰਹਿਣਾ ਸਿਖਿਆ ਏ
ਗ਼ਮ ਤੇ ਪੀੜਾਂ, ਬਿਰਹਾ ਨਿੰਦਰਾ
ਲੇਖਾ ਦੇ ਵਿਚ ਲਿਖਿਆ ਏ
ਹੁਣ ਸੁੱਕ ਚੁੱਕੇ ਇਨਾਂ ਕੋਇਆ ਨੂੰ
ਦੋ ਚਾਰ ਹੰਝੂ ਹੋਰ ਦਿਉ
ਸਾਨੂੰ ਦੁੱਖਾ ਭਰਿਆ ਸਜਣ ਜੀ
ਦਿਨ ਹੋਰ ਦਿਉ ਦਿਨ ਹੋਰ ਦਿਉ

ਨਰਿੰਦਰ ਸਿੰਘ ਬਰਾੜ 9463105313

ਕੌਮੀ ਝੰਡਾ

ਸਭ ਤੋਂ ਸੋਹਣਾ ਹੈ ਤਿਰੰਗਾਂ ਮੇਰੇ
ਦੇਸ਼ ਦਾ,
ਇਸ ਦੀ ਉੱਚੀ ਸਾਰੀ ਦੁਨੀਆਂ
ਚੋਂ ਸ਼ਾਨ ਹੈ।
ਸ਼ਾਂਤੀ, ਖੁਸ਼ਹਾਲੀ, ਵੀਰਤਾ ਦਾ
ਰੰਗ ਵਿੱਚ ,
ਹਰ ਥਾਂ ਤੇ ਫ਼ਤਹਿ ਕਰਦਾ
ਮੈਦਾਨ ਹੈ।
ਇੱਕ ਅਸ਼ੋਕ ਚੱਕਰ ਚੌਵੀ ਵਿੱਚ
ਤੀਲੀਆਂ,
ਦਿਨ ਰਾਤ ਝੂਲੇ ਵਿੱਚ ਅੱਧ
ਅਸਮਾਨ ਹੈ।
ਏਕਤਾ, ਇਤਫਾਕ, ਸਾਂਝੀਵਾਲਤਾ
ਦਾ ਪ੍ਰਤੀਕ ਝੰਡਾ,
ਜਵਾਨਾਂ ਤੇ ਕਿਸਾਨਾਂ ਦੀ ਕਰਦਾ
ਕਮਾਨ ਹੈ।
ਹਰਪ੍ਰੀਤ ਪੱਤੋ, ਇਸ ਤੋਂ ਵਾਰ
ਦੇਈਏ ਜਿੰਦ ਅਸੀਂ,
ਸਭ ਤੋਂ ਪਿਆਰਾ ਸਾਡਾ ਕੌਮੀ
ਨਿਸ਼ਾਨ ਹੈ।
ਜੈ ਮਾਂ ਭਾਰਤ, ਜੈ ਹਿੰਦੋਸਤਾਨ
ਹੈ।

ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

ਕਾਵਿ ਵਿਅੰਗ ਬੰਗਲਾਦੇਸ਼ ਅੱਜ

ਤਖਤਾਂ ਪਲਟ ਹਸੀਨਾ ਨੇ ਦੇਸ਼
ਛੱਡਿਆ,
ਗੱਲ ਹੋ ਗਈ ਬਸੋ ਬਾਹਰ
ਬਾਬਾ।
ਸੁੱਟੀ ਚੰਗਿਆੜੀ ਕਿਸੇ ਦੇਸ਼
ਅੰਦਰ,
ਬੰਗਲਾ ਕਰਤਾ ਧੂੰਆਂ ਧਾਰ
ਬਾਬਾ।
ਹਲਾਤ ਪਹਿਲਾਂ ਹੀ ਕਮਜ਼ੋਰ
ਉੱਥੇ,
ਹੋ ਗਏ ਹੋਰ ਵੀ ਹੁਣ ਲਾਚਾਰ
ਬਾਬਾ।
ਇਧਰ ਦੇਸ਼ ਸਾਡੇ ਦੀ ਸਰਹੱਦ
ਲੱਗਦੀ,
ਡਰ ਲੱਗਦਾ ਪਊਗਾ ਭਾਰ
ਬਾਬਾ।
ਪਨਾਹ ਮੰਗਦੇ ਉੱਥੋਂ ਦੇ ਲੋਕ
ਇੱਥੇ,
ਇਧਰ ਆਉਣ ਨੂੰ ਬੈਠੇ ਤਿਆਰ
ਬਾਬਾ।
ਹਲਾਤ ਸਭ ਨੂੰ ਪਤਾ ਫਿਰ ਕੀ
ਹੋਣੇ,
ਅਬਾਦੀ ਭਾਰਤ ਦੀ ਬੇ ਸ਼ੁਮਾਰ
ਬਾਬਾ।
ਇੱਕ ਪਾਸੇ ਚੀਨ ਦੂਜੇ ਪਾਕ
ਲੱਗੇ,
ਦਿਸਦਾ ਕੋਈ ਨੀ ਮੱਦਦਗਾਰ
ਬਾਬਾ।
ਉਏ ਤਾਨਾਸ਼ਾਹੀ ਨੂੰ ਰੱਖ ਇੱਕ
ਪਾਸੇ,
ਸੁਣਨੀ ਚਾਹੀਦੀ ਦੀ ਲੋਕ ਪੁਕਾਰ
ਬਾਬਾ।
@ਪੱਤੋ@ ਜਿਨਾਂ ਦੀਆਂ ਵੋਟਾਂ ਨਾਲ ਸੀ
ਤਖ਼ਤ ਮਿਲਿਆ,
ਕਿਉਂ ਕਰਨੇ ਲੋਕ ਖੁਆਰ
ਬਾਬਾ।

ਹਰਪ੍ਰੀਤ ਪੱਤੋ ਪਿੰਡ ਪੱਤੋ ਹੀਰਾ ਸਿੰਘ ਮੋਗਾ ਫੋਨ ਨੰਬਰ
94658-21417

ਸਾਡੇ ਮੈਡਮ

ਪਿਆਰੇ ਪਿਆਰੇ ਸਾਡੇ ਮੈਡਮ।
ਜੱਗ ਤੋਂ ਨਿਆਰੇ ਸਾਡੇ ਮੈਡਮ।
ਨਵੇਂ-ਨਵੇਂ ਸੂਟ ਸਵਾਉਂਦੇ ਨੇ।
ਕਦੇ ਜੁੱਤੀ ਕਦੇ ਹੀਲ ਪਾਉਂਦੇ ਨੇ।
ਵਰਨਮਾਲਾ ਪੜ੍ਹਾਉਂਦੇ ਸਾਨੂੰ,
ਸੁੰਦਰ ਲਿਖਾਈ ਲਿਖਾਉਂਦੇ ਸਾਨੂੰ।
ਰੋਣ ਤੇ ਚੁੱਪ ਕਰਾਉਂਦੇ ਨੇ।
ਹੱਥ ਫੜ ਕੰਮ ਕਰਾਉਂਦੇ ਨੇ।
ਚੰਗੀਆਂ ਚੰਗੀਆਂ ਗੱਲਾਂ ਦੱਸਣ।
ਭੈੜੀ ਸੰਗਤ ਤੋਂ ਦੂਰ ਹੀ ਰੱਖਣ।
ਵਿਸੇ ? ਦਾ ਗਿਆਨ ਵਧਾਉਂਦੇ ਨੇ।
ਦਿਲ ਸਾਡੇ ਨੂੰ ਭਾਉਂਦੇ ਨੇ।
ਜੋੜ,ਘਟਾਉ,ਗੁਣਾ,ਭਾਗ ਸਿਖਾਉਂਦੇ ਨੇ।
ਗਣਿਤ ਬਾਰੇ ਵੀ ਗਿਆਨ ਵਧਾਉਂਦੇ ਨੇ।
ਕਵਿਤਾ ਲਿਖਣੀ ਸਿਖਾਈ ਸਾਨੂੰ।
ਰਾਹ ਮੰਜ਼ਲ ਦੀ ਦਿਖਾਈ ਸਾਨੂੰ।
ਸਹੀ ਗਲਤ ਦਾ ਅਰਥ ਸਮਝਾਉਂਦੇ।
ਗੂੜ ਗਿਆਨ ਦੀਆਂ ਗੱਲਾ ਮਨ ਪਾਉਂਦੇ।
ਹੱਸਦੇ ਨਾਲੇ ਖੂਬ ਹਸਾਉਂਦੇ ਨੇ।
ਸਾਡੇ ਦਿਲ ਨੂੰ ਪਰਚਾਉਂਦੇ ਨੇ।

ਰਾਮਇੰਦਰ ਕੌਰ
9781660021

ਸੋਹਣੇ ਬੱਚੇ

ਸੋਹਣੇ ਬੱਚੇ ਪਿਆਰੇ ਬੱਚੇ,
ਭੋਲੇ ਭਾਲੇ ਦਿਲ ਦੇ ਸੱਚੇ।
ਗੋਲ ਮਟੋਲ ਇਹ ਬੜੇ ਨਿਆਰੇ,
ਸਭ ਨੂੰ ਲੱਗਦੇ ਬੜੇ ਪਿਆਰੇ।
ਮਾਂਵਾਂ ਦੇ ਨੇ ਦਿਲ ਦੇ ਤਾਰੇ,
ਇੱਧਰ ਉੱਧਰ ਖੇਡਣ ਸਾਰੇ।
ਭਾਵੇਂ ਇਸ ਨੂੰ ਕਹਿੰਦੇ ਬੱਚੇ,
ਡੋਲਦੇ ਨਹੀਂ ਇਹ ਦਿਲ ਦੇ ਸੱਚੇ।
ਜਦੋਂ ਕਦੇ ਵੀ ਜਾਂਦੇ ਬਾਹਰ,
ਮਾਪਿਆਂ ਨਾਲ ਇਹ ਕਰਨ ਪਿਆਰ
ਰਲ ਮਿਲ ਕੇ ਖੇਡਣ ਸਾਰੇ,
ਸਭ ਲਿਖਦੇ ਇਹਨਾਂ ਬਾਰੇ।
ਛੋਟੇ ਹੁੰਦੇ ਇਹ ਬੋਲਦੇ ਕੱਚਾ,
ਸਭ ਕਹਿੰਦੇ ਸ਼ਰਾਰਤੀ ਬੱਚਾ।
ਕਿਸੇ ਨਾਲ ਉਹ ਜਦੋਂ ਵੀ ਲੜਦੇ,
ਮਾਪੇ ਉਸਦੇ ਨਾਲ ਹਨ ਖੜਦੇ।
ਜਦੋਂ ਕੋਈ ਇਹ ਸ਼ਰਾਰਤ ਕਰਦੇ,
ਭੱਜਣ ਇੰਝ ਜਿਵੇਂ ਘੋੜੇ ਭੱਜਦੇ।

ਨਾਮ ਪਵਨ ਕੁਮਾਰ
9781660021

ਸਤਾ ਦੇ ਨਸ਼ੇ ਵਿੱਚ ਬਣਕੇ ਰੱਬ ਬੈਠੇ

ਸਿੱਖੀ ਸਿਧਾਂਤਾਂ ਨੂੰ ਪੈਰੀਂ ਰੋਲਣ ਵਾਲੇ,
ਜੋ ਸਮਝਦੇ ਸੀ @ਗੁਰੂ@ ਨੂੰ ਟਿੱਚ ਲੋਕੋ।
ਸਤਾ ਦੇ ਨਸ਼ੇ ਵਿੱਚ ਬਣਕੇ @ਰੱਬ@ ਬੈਠੇ,
ਚਲਾਕੀਆਂ ਖੇਡਦੇ ਰਹਿੰਦੇ ਸੀ ਨਿੱਤ ਲੋਕੋ।
ਹੁਣ ਚਲਾਕੀਆਂ ਨੰਗੀਆਂ ਹੋਣ ਲੱਗੀਆਂ,
ਦੋਸ਼ੀ ਖੜ੍ਹੇ ਨੇ ਕਟਿਹਰੇ ਵਿੱਚ ਲੋਕੋ।
ਹੋ ਗ ?ਏ ਆਪਸ ਵਿੱਚ ਦੁਫਾੜ ਇਹ,
ਇਕ ਦੂਜੇ ਦੀ ਕਰਦੇ ਫਿਰਨ ਅੌਫ ਸਵਿੱਚ ਲੋਕੋ।
ਲੋਕ ਸਮਝ ਰਹੇ ਨੇ ਸਭ ਗੱਲਾਂ,
ਕੀ ਝੂਠ ਤੇ ਕੀ ਹੈ ਸੱਚ ਯਾਰੋ।
@ਅਕਾਲ ਤਖਤ@ ਦੀ ਸ਼ਾਨ ਰੋਲ ਦਿੱਤੀ,
ਜਿਸ ਤੋਂ ਕਰਵਾਉਂਦੇ ਫਿਰਦੇ ਬੱਚਤ ਯਾਰੋ।

ਮੇਜਰ ਸਿੰਘ ਬੁਢਲਾਡਾ
94176 42327

Preetnama

ਪ੍ਰੀਤਨਾਮਾ

ਖ਼ਰਾ ਸੱਚ

Khara Sach

On our English language New Website
WWW.PREETNEWS.COM

Chief Editor
Pritpal Kaur
+1 201-312-4180

Vol 4, Issue 375 | Website: www.preetnama.com Email preetnamausa@gmail.com | 16 OCT TO 22 OCT, 2026

No body have time to watch TV Advertisement
No body have time to read Physical newspapers

It's social time.

Online News, Advertisement, Promotion Anytime anywhere.

Doesn't matter where are you.

Advertisement with Preetnama.
Promote your business with TalkShow
We gave social stage to show yourself and your Business.

Business Persons, Doctor,
Advocates, VISA, Tour Travel, Actor, Singers,
writers come Join or TalkShow
and Advertisement with us on national
& International based.



Search Just
Preetnama
Youtube
Facebook
Twitter
Instragram
LinkedIn
Tiktok

No ned to go anywhere, Just leave message on
WhatsApp or email us. We will call you back.

Contact immediately

+1 201-312-4180,+1 917-328-8436

www.preetnama.com, www.preetnews.com
Email- preetnamausa@gmail.com